7-SEP-PAGE-1.qxd 9/6/2023 9:21 PM Page 1

ਵੀਰਵਾਰ, 7 ਸਤੰਬਰ, 2023
22 ਭਾਦੋਂ { ਨਾਨਕਸ਼ਾਹੀ 555 / ਬਿਕਰਮੀ 2080
ਜਿਲਦ/VOL. : 72
ਅੰਕ/NO. : 97

# ਨਵਾਂ ਜ਼ਮਾਨਾ

DAILY NAWAN ZAMANA • THURSDAY, 7 SEPTEMBER 2023 ਜਲੰਧਰ

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ
ਪੁੱਛ-ਗਿੱਛ (ਰਿਸੈਪਸ਼ਨ) 0181-5097300
ਇਸ਼ਤਿਹਾਰ ਵਿਭਾਗ 0181-5097302
ਸਾਹਿਤ ਸੰਪਾਦਕ (ਐਤਵਾਰਤਾ) 0181-5097305
ਕੰਪਿਊਟਰ ਰੂਮ 0181-5097310
ਵੈੱਬ ਟੀ ਵੀ 0181-5133160

nawan zamana TV

ਕੀਮਤ/PRICE : 5.00 ਰੁਪਏ Regd. No : Pb/JL-123/2021-23, (R.N.I.)-00068/57 E-mail : nawanzamana@gmail.com www.nawanzamana.in ਸਫ਼ੇ : 12

## ਸੋਨੀਆ ਗਾਂਧੀ ਦੇ 9 ਮੁੱਦੇ, ਡੇਰੇਕ ਦਾ ਕੋਰਾ ਕਾਗਜ਼, ਪ੍ਰਧਾਨ ਮੰਤਰੀ ਦੀ ਚੁੱਪੀ

**ਨਵੀਂ ਦਿੱਲੀ** : ਕੇਂਦਰ ਸਰਕਾਰ ਵੱਲੋਂ 18 ਸਤੰਬਰ ਤੋਂ ਬੁਲਾਏ ਗਏ ਵਿਸ਼ੇਸ਼ ਸੈਸ਼ਨ ਨੂੰ ਲੈ ਕੇ ਸਾਬਕਾ ਕਾਂਗਰਸ ਪ੍ਰਧਾਨ ਸੋਨੀਆ ਗਾਂਧੀ ਨੇ ਪ੍ਰਧਾਨ ਮੰਤਰੀ ਨੂੰ ਚਿੱਠੀ ਲਿਖੀ ਹੈ। ਸੋਨੀਆ ਨੇ ਚਿੱਠੀ 'ਚ ਵਿਸ਼ੇਸ਼ ਸੈਸ਼ਨ ਦਾ ਏਜੰਡਾ ਨਾ ਦੱਸਣ 'ਤੇ ਇਤਰਾਜ਼ ਪ੍ਰਗਟਾਇਆ ਹੈ। ਉਹਨਾ ਚਿੱਠੀ 'ਚ 9 ਮੁੱਦੇ ਉਠਾਏ ਹਨ। ਚਿੱਠੀ 'ਚ ਲਿਖਿਆ ਹੈ ਕਿ ਵਿਰੋਧੀ ਦਲ ਨੂੰ ਵਿਸ਼ੇਸ਼ ਸੈਸ਼ਨ ਦੇ ਏਜੰਡੇ ਬਾਰੇ ਜਾਣਕਾਰੀ ਨਹੀਂ। ਆਮ ਤੌਰ 'ਤੇ ਵਿਸ਼ੇਸ਼ ਸੈਸ਼ਨ ਤੋਂ ਪਹਿਲਾਂ ਗੱਲਬਾਤ ਹੁੰਦੀ ਹੈ ਅਤੇ ਆਮ ਸਹਿਮਤੀ ਬਣਾਈ ਜਾਂਦੀ ਹੈ। ਇਸ ਦਾ ਏਜੰਡਾ ਵੀ ਪਹਿਲਾਂ ਤੈਅ ਹੁੰਦਾ ਹੈ ਅਤੇ ਸਹਿਮਤੀ ਬਣਾਉਣ ਦੀ ਕੋਸ਼ਿਸ਼ ਹੁੰਦੀ ਹੈ। ਇਹ ਪਹਿਲੀ ਵਾਰ ਹੈ ਕਿ ਕੋਈ ਮੀਟਿੰਗ ਬੁਲਾਈ ਜਾ ਰਹੀ ਹੈ ਅਤੇ ਏਜੰਡਾ ਤੈਅ ਨਹੀਂ ਹੈ, ਨਾ ਹੀ ਸਹਿਮਤੀ ਬਣਾਉਣ ਦੀ ਕੋਸ਼ਿਸ਼ ਕੀਤੀ ਗਈ ਹੈ। ਕਾਂਗਰਸ ਚਾਹੁੰਦੀ ਹੈ ਕਿ ਸਰਕਾਰ ਮਹਿੰਗਾਈ, ਭਾਰਤ-ਚੀਨ ਬਾਰਡਰ ਵਿਵਾਦ ਅਤੇ ਮਨੀਪੁਰ ਵਰਗੇ ਗੰਭੀਰ ਮਾਮਲਿਆਂ 'ਤੇ ਚਰਚਾ ਕਰਨ ਤੋਂ ਇਲਾਵਾ ਕਿਸਾਨਾਂ ਨੂੰ ਲੈ ਕੇ ਸਰਕਾਰ ਨੇ ਜੋ ਵਾਅਦੇ ਕੀਤੇ, ਐੱਮ ਐੱਸ ਪੀ ਦੀ ਗਰੰਟੀ ਦੀ ਉਸ 'ਤੇ ਹਾਲੇ ਤੱਕ ਕੀ ਹੋਇਆ। ਸੋਨੀਆ ਨੇ ਅਡਾਨੀ ਮਾਮਲੇ 'ਚ ਜੇ ਪੀ ਸੀ ਦੀ ਜਾਂਚ ਦੀ ਮੰਗ ਕੀਤੀ ਹੈ। ਉਹਨਾ ਕਿਹਾ ਕਿ ਕੇਂਦਰ ਵੱਲੋਂ ਸੰਘੀ ਢਾਂਚੇ, ਸੂਬਾ ਸਰਕਾਰਾਂ 'ਤੇ ਕੀਤੇ ਜਾ ਰਹੇ ਹਮਲੇ, ਹਿਮਾਚਲ ਪ੍ਰਦੇਸ਼ 'ਚ ਆਈ ਆਪਦਾ ਨੂੰ ਰਾਸ਼ਟਰੀ ਆਪਦਾ ਐਲਾਨ ਕਰਨ ਦੀ ਮੰਗ ਕੀਤੀ ਹੈ। ਇਨ੍ਹਾਂ ਤੋਂ ਇਲਾਵਾ ਦੇਸ਼ 'ਚ ਸੰਪਰਦਾਇਕ ਤਣਾਅ, ਮਨੀਪੁਰ ਹਿੰਸਾ ਅਤੇ ਚੀਨ ਵੱਲੋਂ ਲੱਦਾਖ 'ਚ ਘੁਸਪੈਠ ਦੇ ਮੁੱਦੇ ਨੂੰ ਸਾਹਮਣੇ ਰੱਖਿਆ ਹੈ। ਕਾਂਗਰਸ ਸੰਸਦੀ ਦਲ ਦੀ ਪ੍ਰਧਾਨ ਸੋਨੀਆ ਗਾਂਧੀ ਨੇ 24 ਪਾਰਟੀਆਂ ਵੱਲੋਂ ਪ੍ਰਧਾਨ ਮੰਤਰੀ ਮੋਦੀ ਨੂੰ ਇਹ ਚਿੱਠੀ ਲਿਖ ਕੇ ਭੇਜੀ ਹੈ। ਸੰਸਦੀ ਮਾਮਲਿਆਂ ਬਾਰੇ ਮੰਤਰੀ ਪ੍ਰਲਾਹਦ ਜੋਸ਼ੀ ਨੇ ਪਿਛਲੇ ਹਫ਼ਤੇ 18 ਤੋਂ 22 ਸਤੰਬਰ ਤੱਕ ਸੰਸਦ ਦੇ ਪੰਜ ਦਿਨ ਦੇ ਵਿਸ਼ੇਸ਼ ਸੈਸ਼ਨ ਬਾਰੇ ਜਾਣਕਾਰੀ ਦਿੱਤੀ ਸੀ। ਰਾਜ ਸਭਾ 'ਚ ਤ੍ਰਿਣਮੂਲ ਕਾਂਗਰਸ (ਟੀ ਐੱਮ ਸੀ) ਦੇ ਸਾਂਸਦੀ ਦਲ ਦੇ ਨੇਤਾ ਡੇਰੇਕ ਓ ਬ੍ਰਾਇਨ ਨੇ ਟਵਿੱਟਰ 'ਤੇ ਇੱਕ ਕੋਰੇ ਕਾਗਜ਼ ਦੀ ਤਸਵੀਰ ਸ਼ੇਅਰ ਕੀਤੀ ਹੈ। ਬੁੱਧਵਾਰ ਕੋਰੇ ਕਾਗਜ਼ ਦੀ ਤਸਵੀਰ ਸ਼ੇਅਰ ਕਰਦੇ ਹੋਏ ਡੇਰੇਕ ਨੇ ਕੈਪਸ਼ਨ 'ਚ ਲਿਖਿਆ—ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਸੰਸਦ ਦਾ ਵਿਸ਼ੇਸ਼ ਸੈਸ਼ਨ ਬੁਲਾਇਆ ਹੈ, ਇਹ ਹੈ ਏਜੰਡਾ।

### ਅੰਗਰੇਜ਼ਾਂ ਤੋਂ ਏਨੀ ਪ੍ਰੇਸ਼ਾਨੀ ਹੈ ਤਾਂ ਰਾਸ਼ਟਰਪਤੀ ਭਵਨ ਖਾਲੀ ਕਰ ਦਿਓ : ਅਧੀਰ ਰੰਜਨ

**ਨਵੀਂ ਦਿੱਲੀ** : ਦੇਸ਼ 'ਚ 'ਭਾਰਤ' ਬਨਾਮ 'ਇੰਡੀਆ' ਨੂੰ ਲੈ ਕੇ ਸਿਆਸੀ ਘਮਸਾਨ ਮਚਿਆ ਹੋਇਆ ਹੈ। ਇਸ ਨੂੰ ਲੈ ਕੇ ਲੋਕ ਸਭਾ 'ਚ ਕਾਂਗਰਸ ਸੰਸਦੀ ਦਲ ਦੇ ਨੇਤਾ ਅਧੀਰ ਰੰਜਨ ਚੌਧਰੀ ਨੇ ਕੇਂਦਰ ਨੂੰ ਕਿਹਾ ਕਿ ਜੇਕਰ ਅੰਗਰੇਜ਼ਾਂ ਤੋਂ ਏਨੀ ਹੀ ਸਮੱਸਿਆ ਹੈ ਤਾਂ ਰਾਸ਼ਟਰਪਤੀ ਭਵਨ ਖਾਲੀ ਕਰ ਦਿਓ। ਨਾਲ ਹੀ ਨਾਰਥ ਬਲਾਕ ਅਤੇ ਸਾਊਥ ਬਲਾਕ ਨੂੰ ਵੀ ਉਡਾ ਦਿਓ। ਅਧੀਰ ਰੰਜਨ ਨੇ ਕਿਹਾ, 'ਰਾਸ਼ਟਰਪਤੀ ਭਵਨ ਉਦੋਂ ਵਾਇਸਰਾਏ ਦਾ ਘਰ ਹੋਇਆ ਕਰਦਾ ਸੀ।'

### ਨਾਂਅ ਬਦਲਣ 'ਤੇ ਆ ਸਕਦਾ 14,000 ਕਰੋੜ ਤੋਂ ਵੱਧ ਖਰਚ!

**ਨਵੀਂ ਦਿੱਲੀ** : 'ਭਾਰਤ' ਜਾਂ 'ਇੰਡੀਆ' ਦੇ ਨਾਂਅ ਨੂੰ ਲੈ ਕੇ ਦੇਸ਼ ਦੀ ਸਿਆਸਤ ਗਰਮਾਈ ਹੋਈ ਹੈ। ਵਿਰੋਧੀ ਦਲਾਂ ਦਾ ਦੋਸ਼ ਹੈ ਕਿ ਸਰਕਾਰ ਦੇਸ਼ ਦਾ ਨਾਂਅ ਇੰਡੀਆ ਤੋਂ ਬਦਲ ਕੇ ਭਾਰਤ ਕਰਨਾ ਚਾਹੁੰਦੀ ਹੈ। ਇੱਕ ਅਨੁਮਾਨ ਮੁਤਾਬਕ ਜੇਕਰ ਦੇਸ਼ ਦਾ ਨਾਂਅ ਬਦਲ ਦਿੱਤਾ ਜਾਂਦਾ ਹੈ ਤਾਂ ਇਸ 'ਤੇ ਕਰੀਬ 14000 ਕਰੋੜ ਰੁਪਏ ਤੋਂ ਵੱਧ ਦਾ ਖਰਚ ਆ ਸਕਦਾ ਹੈ। ਦੱਖਣੀ ਅਫਰੀਕਾ ਦੇ ਇੱਕ ਵਕੀਲ ਡੈਰੇਨ ਓਲੀਵੀਅਰ ਨੇ ਕਿਸੇ ਦੇਸ਼ ਦਾ ਨਾਂਅ ਬਦਲਣ ਦੀ ਪ੍ਰਕਿਰਿਆ 'ਚ ਆਉਣ ਵਾਲੇ ਖਰਚ ਨੂੰ ਕੱਢਣ ਲਈ ਇੱਕ ਫਾਰਮੂਲਾ ਬਣਾਇਆ ਸੀ। ਉਨ੍ਹਾ ਇਸ ਦੀ ਤੁਲਨਾ ਕਿਸੇ ਵੱਡੀ ਕੰਪਨੀ ਦੀ ਰਿਬ੍ਰਾਂਡਿੰਗ ਐਕਸਰਸਾਈਜ਼ ਨਾਲ ਕੀਤੀ ਸੀ ਅਤੇ ਇਸ ਅਧਾਰ 'ਤੇ ਕੁੱਲ ਖਰਚ ਕੱਢਿਆ ਸੀ। ਓਲੀਵੀਅਰ ਮੁਤਾਬਕ ਕਿਸੇ ਵੱਡੀ ਕੰਪਨੀ ਦੀ ਐਵਰੇਜ ਮਾਰਕੀਟਿੰਗ ਕਾਸਟ ਉਸ ਦੇ ਕੁੱਲ ਰੈਵੇਨਿਊ ਦਾ ਕਰੀਬ ਛੇ ਫੀਸਦੀ ਹੁੰਦਾ ਹੈ। ਰਿਬ੍ਰਾਂਡਿੰਗ 'ਚ ਕੰਪਨੀ ਦੀ ਕੁੱਲ ਕਾਸਟ ਉਸ ਦੇ ਓਵਰਆਲ ਮਾਰਕੀਟਿੰਗ ਬਜਟ ਦਾ 10 ਫੀਸਦੀ ਤੱਕ ਜਾ ਸਕਦੀ ਹੈ। ਇਸ ਮੁਤਾਬਕ ਉਨ੍ਹਾ ਸਵਾਜੀਲੈਂਡ ਦਾ ਨਾਂਅ ਬਦਲਣ 'ਤੇ ਕੁੱਲ ਛੇ ਕਰੋੜ ਡਾਲਰ ਦਾ ਖਰਚ ਆਉਣ ਦਾ ਅਨੁਮਾਨ ਲਾਇਆ ਸੀ। ਓਲੀਵੀਅਰ ਨੇ ਇਸ ਲਈ ਸਵਾਜੀਲੈਂਡ ਦੇ ਰੈਵੇਨਿਊ ਨੂੰ ਇਸਤੇਮਾਲ ਕੀਤਾ ਸੀ। ਹੁਣ ਜੇਕਰ ਭਾਰਤ ਦੇ ਮਾਮਲੇ 'ਚ ਇਹ ਫਾਰਮੂਲਾ ਅਪਣਾਇਆ ਜਾਂਦਾ ਹੈ ਤਾਂ ਇਸ ਦਾ ਖਰਚ ਕਿੰਨਾ ਹੋਵੇਗਾ। ਵਿੱਤੀ ਸਾਲ 2023 'ਚ ਦੇਸ਼ ਦਾ ਰੈਵੇਨਿਊ 23.84 ਲੱਖ ਕਰੋੜ ਰੁਪਏ ਰਿਹਾ। ਇਸ 'ਚ ਟੈਕਸ ਅਤੇ ਨਾਨ-ਟੈਕਸ ਰੈਵੇਨਿਊ ਸ਼ਾਮਲ ਹੈ। ਓਲੀਵੀਅਰ ਦੇ ਫਾਰਮੂਲੇ ਦੇ ਹਿਸਾਬ ਨਾਲ ਇੰਡੀਆ ਦਾ ਨਾਂਅ ਬਦਲ ਕੇ ਭਾਰਤ ਕਰਨ 'ਤੇ ਕਰੀਬ 14304 ਕਰੋੜ ਰੁਪਏ ਦਾ ਖਰਚ ਆ ਸਕਦਾ ਹੈ। ਇਸ ਨਾਲ ਇੱਕ ਮਹੀਨੇ ਲਈ 80 ਕਰੋੜ ਲੋਕਾਂ ਦਾ ਢਿੱਡ ਭਰਿਆ ਜਾ ਸਕਦਾ ਹੈ।

## ਕਾਂਗਰਸ ਨਾਲ ਕੋਈ ਗਠਜੋੜ ਨਹੀਂ : ਅਨਮੋਲ ਗਗਨ ਮਾਨ

### 11 ਸਤੰਬਰ ਤੋਂ ਪਹਿਲੇ ਪੰਜਾਬ ਟੂਰਿਜ਼ਮ ਸਮਿਟ ਤੇ ਟਰੈਵਲ ਮਾਰਟ 2023 ਦਾ ਕੀਤਾ ਐਲਾਨ

**ਚੰਡੀਗੜ੍ਹ** : ਪਹਿਲਾ ਪੰਜਾਬ ਟੂਰਿਜ਼ਮ ਸਮਿਟ ਐਂਡ ਟਰੈਵਲ ਮਾਰਟ 2023 ਸੂਬੇ ਦੇ ਸੈਰ-ਸਪਾਟੇ ਲਈ ਨਵੇਂ ਰਾਹ ਖੋਲ੍ਹ ਦੇਵੇਗਾ। ਉਕਤ ਪ੍ਰਗਟਾਵਾ ਪੰਜਾਬ ਦੇ ਸੈਰ-ਸਪਾਟਾ ਅਤੇ ਸੱਭਿਆਚਾਰਕ ਮਾਮਲਿਆਂ ਬਾਰੇ ਮੰਤਰੀ ਅਨਮੋਲ ਗਗਨ ਮਾਨ ਨੇ ਕੀਤਾ। ਉਹ ਇੱਥੇ 11 ਤੋਂ 13 ਸਤੰਬਰ ਤੱਕ ਹੋਣ ਵਾਲੇ 'ਪਹਿਲੇ ਪੰਜਾਬ ਟੂਰਿਜ਼ਮ ਸਮਿਟ ਐਂਡ ਟਰੈਵਲ ਮਾਰਟ 2023' ਸੰਬੰਧੀ ਕਾਨਫਰੰਸ ਨੂੰ ਸੰਬੋਧਨ ਕਰ ਰਹੇ ਸਨ। ਪੱਤਰਕਾਰਾਂ ਨੂੰ ਸੰਬੋਧਨ ਕਰਦਿਆਂ ਅਨਮੋਲ ਗਗਨ ਮਾਨ ਨੇ ਕਿਹਾ ਕਿ ਸੂਬੇ 'ਚ ਸੈਰ-ਸਪਾਟੇ ਨੂੰ ਹੁਲਾਰਾ ਦੇਣ ਲਈ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਫਰਵਰੀ ਮਹੀਨੇ 'ਚ ਆਈ ਐੱਸ ਬੀ ਮੋਹਾਲੀ ਵਿਖੇ ਪ੍ਰਗਤੀਸ਼ੀਲ ਪੰਜਾਬ ਨਿਵੇਸ਼ਕ ਸੰਮੇਲਨ ਦੌਰਾਨ ਇਸ ਸਮਾਗਮ ਬਾਰੇ ਐਲਾਨ ਕੀਤਾ ਗਿਆ ਸੀ ਅਤੇ ਹੁਣ ਉਹਨਾ ਦੀ ਵਚਨਬੱਧਤਾ ਮੁਤਾਬਕ ਇਸ ਸੰਮੇਲਨ ਸੰਬੰਧੀ ਤਿਆਰੀਆਂ ਮੁਕੰਮਲ ਕਰ ਲਈਆਂ ਗਈਆਂ ਹਨ।

ਉਹਨਾ ਕਿਹਾ ਕਿ ਪੰਜਾਬ ਟੂਰਿਜ਼ਮ ਸਮਿਟ ਐਂਡ ਟਰੈਵਲ ਮਾਰਟ, ਜੋ ਕਿ 11 ਤੋਂ 13 ਸਤੰਬਰ ਤੱਕ ਐੱਸ ਏ ਐੱਸ ਨਗਰ ਮੁਹਾਲੀ ਦੇ ਐਮਿਟੀ ਕੈਂਪਸ 'ਚ ਹੋਣ ਜਾ ਰਿਹਾ ਹੈ, 'ਚ ਦੇਸ਼ ਭਰ ਦੇ ਸੈਰ-ਸਪਾਟਾ ਭਾਈਵਾਲਾਂ ਅਤੇ ਨਿਵੇਸ਼ਕਾਂ ਦਾ ਇੱਕ ਮਹੱਤਵਪੂਰਨ ਇਕੱਠ ਹੋਣ ਜਾ ਰਿਹਾ ਹੈ। ਉਨ੍ਹਾ ਸਪੱਸ਼ਟ ਤੌਰ 'ਤੇ ਕਿਹਾ ਕਿ ਇਹ ਸਮਾਗਮ ਸੈਰ-ਸਪਾਟੇ ਖੇਤਰ 'ਚ ਪੰਜਾਬ ਦੀਆਂ ਭਰਪੂਰ ਸੰਭਾਵਨਾਵਾਂ ਨੂੰ ਦਰਸਾਉਣ ਲਈ ਇੱਕ ਵਿਲੱਖਣ ਮੰਚ ਪ੍ਰਦਾਨ ਕਰੇਗਾ। ਮੰਤਰੀ ਅਨਮੋਲ ਗਗਨ ਮਾਨ ਨੇ 'ਸਵਦੇਸ਼ ਦਰਸ਼ਨ ਸਕੀਮ' ਦੇ ਵਿਰਾਸਤੀ ਸਰਕਟ ਥੀਮ ਤਹਿਤ 91.55 ਕਰੋੜ ਰੁਪਏ ਦੇ ਪ੍ਰੋਜੈਕਟਾਂ ਨੂੰ ਮਨਜ਼ੂਰੀ ਦੇਣ ਤੋਂ ਇਲਾਵਾ ਪੰਜਾਬ ਵਿੱਚ ਸੈਰ-ਸਪਾਟੇ ਨੂੰ ਹੁਲਾਰਾ ਦੇਣ ਲਈ ਸਰਕਾਰ ਵੱਲੋਂ ਕੀਤੀਆਂ ਸ਼ਾਨਦਾਰ ਪਹਿਲਕਦਮੀਆਂ ਦਾ ਵੀ ਜ਼ਿਕਰ ਕੀਤਾ। ਇਨ੍ਹਾਂ ਪ੍ਰੋਜੈਕਟਾਂ, ਜਿਹਨਾਂ ਦੇ ਦਸੰਬਰ 2023 ਤੱਕ ਮੁਕੰਮਲ ਹੋਣ ਦੀ ਆਸ ਹੈ, ਲਈ 67.00 ਕਰੋੜ ਰੁਪਏ ਦੀ ਪ੍ਰਭਾਵਸ਼ਾਲੀ ਰਾਸ਼ੀ ਪਹਿਲਾਂ ਹੀ ਜਾਰੀ ਕੀਤੀ ਜਾ ਚੁੱਕੀ ਹੈ। ਉਨ੍ਹਾ ਦੱਸਿਆ ਕਿ ਸਰਕਾਰ ਨੇ ਵੱਖ-ਵੱਖ ਤਿਉਹਾਰਾਂ ਅਤੇ ਸਮਾਗਮਾਂ ਦੀ ਮੇਜ਼ਬਾਨੀ ਲਈ ਪਹਿਲਾਂ ਹੀ ਸਰੋਤ ਅਲਾਟ ਕੀਤੇ ਹਨ, ਜਿਵੇਂ ਕਿ 6ਵਾਂ ਮਿਲਟਰੀ ਲਿਟਰੇਚਰ ਫੈਸਟੀਵਲ, ਜ਼ਿਲ੍ਹਾ ਫਰੀਦਕੋਟ ਦੀ 50ਵੀਂ ਵਰ੍ਹੇਗੰਢ ਮਨਾਉਣ ਅਤੇ ਸੂਬੇ ਦੀ ਕਲਾ ਅਤੇ ਸੱਭਿਆਚਾਰ ਨੂੰ ਪ੍ਰਫੁੱਲਤ ਕਰਨ ਲਈ ਇੰਡੀਅਨ ਕੌਂਸਲ ਫਾਰ ਕਲਚਰਲ ਰਿਲੇਸ਼ਨਜ਼ ਨਾਲ ਐੱਮ ਓ ਯੂ (ਸਮਝੌਤਾ) ਸਹੀਬੱਧ ਕੀਤਾ ਗਿਆ ਹੈ।

● ਬਾਕੀ ਸਫ਼ਾ 2 'ਤੇ

## ਮੁੱਖ ਮੰਤਰੀ ਭਲਕੇ 710 ਪਟਵਾਰੀਆਂ ਨੂੰ ਸੌਂਪਣਗੇ ਨਿਯੁਕਤੀ ਪੱਤਰ

**ਚੰਡੀਗੜ੍ਹ, (ਗੁਰਜੀਤ ਬਿੱਲਾ)**-ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਬੁੱਧਵਾਰ ਕਿਹਾ ਕਿ ਲੋਕਾਂ ਨੂੰ ਸਾਫ-ਸੁਥਰੀਆਂ, ਪਾਰਦਰਸ਼ੀ ਅਤੇ ਜਵਾਬਦੇਹ ਨਾਗਰਿਕ ਕੇਂਦਰਤ ਸੇਵਾਵਾਂ ਪ੍ਰਦਾਨ ਕਰਨ ਦੇ ਉਦੇਸ਼ ਨਾਲ 8 ਸਤੰਬਰ ਨੂੰ ਇੱਕ ਸਮਾਗਮ ਦੌਰਾਨ 710 ਨਵ-ਨਿਯੁਕਤ ਪਟਵਾਰੀਆਂ ਨੂੰ ਨਿਯੁਕਤੀ ਪੱਤਰ ਸੌਂਪੇ ਜਾਣਗੇ। ਮੁੱਖ ਮੰਤਰੀ ਨੇ ਕਿਹਾ ਕਿ ਨਵੇਂ ਪਟਵਾਰੀਆਂ ਨੂੰ ਭਰਤੀ ਕਰਨ ਦਾ ਉਦੇਸ਼ ਆਮ ਲੋਕਾਂ ਦੀ ਸਹੂਲਤ ਲਈ ਮਾਲ ਵਿਭਾਗ ਦੇ ਕੰਮਕਾਜ ਨੂੰ ਸੁਚਾਰੂ ਬਣਾਉਣਾ ਹੈ। ਉਨ੍ਹਾ ਕਿਹਾ ਕਿ ਇਸ ਦਾ ਮੰਤਵ ਇਹ ਯਕੀਨੀ ਬਣਾਉਣਾ ਹੈ ਲੋਕਾਂ ਨੂੰ ਬਿਨਾਂ ਕਿਸੇ ਦੇਰੀ ਦੇ ਸਮਾਂਬੱਧ ਢੰਗ ਨਾਲ ਮੁਸ਼ਕਲ ਰਹਿਤ ਸਹੂਲਤਾਂ ਮਿਲ ਸਕਣ। ਉਹਨਾ ਕਿਹਾ ਕਿ ਇਨ੍ਹਾਂ 710 ਪਟਵਾਰੀਆਂ ਦੀ ਚੋਣ ਪਹਿਲਾਂ ਹੀ ਪਾਰਦਰਸ਼ੀ ਭਰਤੀ ਪ੍ਰਕਿਰਿਆ ਰਾਹੀਂ ਕੀਤੀ ਜਾ ਚੁੱਕੀ ਹੈ, ਪਰ ਕੁਝ ਰਸਮੀ ਕਾਰਵਾਈਆਂ ਬਕਾਇਆ ਹੋਣ ਕਾਰਨ ਇਨ੍ਹਾਂ ਨੂੰ ਅਜੇ ਤੱਕ ਨਿਯੁਕਤੀ ਪੱਤਰ ਨਹੀਂ ਦਿੱਤੇ ਗਏ ਸਨ। ਮੁੱਖ ਮੰਤਰੀ ਨੇ ਕਿਹਾ ਕਿ ਲੋੜੀਂਦੀਆਂ ਸ਼ਰਤਾਂ ਪੂਰੀਆਂ ਕਰ ਦਿੱਤੀਆਂ ਗਈਆਂ ਹਨ ਅਤੇ ਇਨ੍ਹਾਂ ਨਵ-ਨਿਯੁਕਤ ਪਟਵਾਰੀਆਂ ਨੂੰ ਸ਼ੁੱਕਰਵਾਰ ਨੂੰ ਨਿਯੁਕਤੀ ਪੱਤਰ ਸੌਂਪੇ ਜਾਣਗੇ। ਉਹਨਾ ਉਮੀਦ ਜਤਾਈ ਕਿ ਨੌਜਵਾਨ ਉਮੀਦਵਾਰਾਂ ਦੀ ਭਰਤੀ ਆਉਣ ਵਾਲੇ ਦਿਨਾਂ 'ਚ ਭ੍ਰਿਸ਼ਟਾਚਾਰ ਮੁਕਤ ਸਮਾਜ ਦੀ ਸਿਰਜਣਾ ਲਈ ਅਹਿਮ ਸਾਬਤ ਹੋਵੇਗੀ। ਉਨ੍ਹਾ ਕਿਹਾ ਕਿ ਇਸੇ ਤਰ੍ਹਾਂ 18 ਮਹੀਨਿਆਂ ਦੀ ਲਾਜ਼ਮੀ ਸਿਖਲਾਈ 'ਚੋਂ 15 ਮਹੀਨੇ ਦੀ ਸਿਖਲਾਈ ਪੂਰੀ ਕਰ ਚੁੱਕੇ 741 ਹੋਰ ਪਟਵਾਰੀਆਂ ਨੂੰ ਫੀਲਡ 'ਚ ਬਤੌਰ ਰੈਗੂਲਰ ਪਟਵਾਰੀ ਤਾਇਨਾਤ ਕੀਤਾ ਜਾ ਰਿਹਾ ਹੈ। ਮੁੱਖ ਮੰਤਰੀ ਨੇ ਕਿਹਾ ਕਿ ਪੰਜਾਬ ਦੇ ਨੌਜਵਾਨਾਂ ਨੂੰ ਸੂਬੇ ਦੀ ਸੇਵਾ ਦਾ ਮੌਕਾ ਦੇਣ ਲਈ ਪਟਵਾਰੀਆਂ ਦੀਆਂ ਹੋਰ ਆਸਾਮੀਆਂ 'ਤੇ ਭਰਤੀ ਲਈ ਜਲਦੀ ਇਸ਼ਤਿਹਾਰ ਦਿੱਤਾ ਜਾਵੇਗਾ। ਉਨ੍ਹਾ ਕਿਹਾ ਕਿ ਸਰਕਾਰੀ ਮੁਲਾਜ਼ਮਾਂ ਦੇ ਭ੍ਰਿਸ਼ਟਾਚਾਰ ਨੂੰ ਕਿਸੇ ਵੀ ਸੂਰਤ 'ਚ ਬਰਦਾਸ਼ਤ ਨਹੀਂ ਕੀਤਾ ਜਾਵੇਗਾ ਅਤੇ ਭ੍ਰਿਸ਼ਟਾਚਾਰੀਆਂ ਨੂੰ ਸਖ਼ਤ ਤੋਂ ਸਖ਼ਤ ਸਜ਼ਾ ਦਿੱਤੀ ਜਾਵੇਗੀ। ਸਰਕਾਰ ਸੂਬੇ 'ਚੋਂ ਭ੍ਰਿਸ਼ਟਾਚਾਰ ਦੀ ਅਲਾਮਤ ਦਾ ਖ਼ਾਤਮਾ ਕਰਨ ਲਈ ਪੂਰੀ ਤਰ੍ਹਾਂ ਵਚਨਬੱਧ ਹੈ, ਤਾਂ ਜੋ ਲੋਕਾਂ ਦੀ ਭਲਾਈ ਲਈ ਪਾਰਦਰਸ਼ੀ ਤੇ ਕਾਰਜਕੁਸ਼ਲ ਪ੍ਰਸ਼ਾਸਨਿਕ ਢਾਂਚਾ ਯਕੀਨੀ ਬਣਾਇਆ ਜਾ ਸਕੇ।

## ਜੀ-20 ਸਿਖਰ ਸੰਮੇਲਨ ਦਿੱਲੀ 'ਚ, ਕਰਫਿਊ ਮਨੀਪੁਰ 'ਚ : ਜੈਰਾਮ ਰਮੇਸ਼

**ਨਵੀਂ ਦਿੱਲੀ** : ਕਾਂਗਰਸ ਨੇ ਮਨੀਪੁਰ ਦੀ ਸਥਿਤੀ ਨੂੰ ਲੈ ਕੇ ਬੁੱਧਵਾਰ ਕੇਂਦਰ ਅਤੇ ਸੂਬਾ ਸਰਕਾਰ 'ਤੇ ਨਿਸ਼ਾਨਾ ਲਾਉਂਦੇ ਹੋਏ ਕਿਹਾ ਕਿ ਪੂਰਬ-ਉੱਤਰ ਦੇ ਇਸ ਸੂਬੇ 'ਚ ਹਿੰਸਾ ਦਾ ਦੌਰ ਜਾਰੀ ਹੈ, ਪਰ 'ਡਬਲ ਇੰਜਣ' ਸਰਕਾਰ ਦੀਆਂ ਨਜ਼ਰਾਂ 'ਚ ਹਾਲਾਤ ਠੀਕ ਹਨ। ਕਾਂਗਰਸ ਨੇ ਕੇਂਦਰ ਅਤੇ ਸੂਬਾ ਸਰਕਾਰ 'ਤੇ ਇਸ ਸਮੇਂ ਨਿਸ਼ਾਨਾ ਲਾਇਆ, ਜਦ ਮਨੀਪੁਰ ਦੇ ਸਾਰੇ ਪੰਜ ਘਾਟੀ ਜ਼ਿਲ੍ਹਿਆਂ 'ਚ ਮੰਗਲਵਾਰ ਸ਼ਾਮ ਨੂੰ ਚੌਕਸੀ ਲਈ ਕਰਫਿਊ ਲਾ ਦਿੱਤਾ ਗਿਆ ਹੈ। ਪਾਰਟੀ ਦੇ ਜਨਰਲ ਸਕੱਤਰ ਜੈਰਾਮ ਰਮੇਸ਼ ਨੇ ਟਵਿਟਰ 'ਤੇ ਪੋਸਟ ਕੀਤਾ—ਜੀ-20 ਸਿਖਰ ਸੰਮੇਲਨ ਨਵੀਂ ਦਿੱਲੀ 'ਚ ਹੋ ਰਿਹਾ ਹੈ, ਜਦਕਿ ਇੰਫਾਲ ਘਾਟੀ ਦੇ ਸਾਰੇ ਪੰਜ ਜ਼ਿਲ੍ਹੇ ਅਗਲੇ ਪੰਜ ਦਿਨਾਂ ਲਈ ਪੂਰਨ ਕਰਫਿਊ 'ਚ ਰਹਿਣਗੇ। ਹਿੰਸਾ ਦਾ ਦੌਰ ਚਾਰ ਮਹੀਨਿਆਂ ਬਾਅਦ ਵੀ ਜਾਰੀ ਹੈ, ਪਰ ਮੋਦੀ ਸਰਕਾਰ ਦੀ 'ਡਬਲ ਇੰਜਣ' ਸਰਕਾਰ ਲਈ ਮਨੀਪੁਰ 'ਚ ਹਾਲਾਤ ਠੀਕ ਹਨ।

## ਸਿੱਧੂ ਨੇ ਪਾਰਟੀ ਨੇਤਾਵਾਂ ਨੂੰ ਹਾਈ ਕਮਾਂਡ ਦਾ ਕਹਿਣਾ ਮੰਨਣ ਦੀ ਕੀਤੀ ਅਪੀਲ

**ਚੰਡੀਗੜ੍ਹ** : ਆਮ ਆਦਮੀ ਪਾਰਟੀ ਨਾਲ 2024 ਦੀਆਂ ਲੋਕ ਸਭਾ ਚੋਣਾਂ ਇਕੱਠੇ ਲੜਨ ਲਈ ਗਠਜੋੜ ਬਾਰੇ ਪੰਜਾਬ ਕਾਂਗਰਸ ਇਕਾਈ ਦੇ ਅੰਦਰ ਚੱਲ ਰਹੇ ਤਣਾਅ ਦੇ ਮੱਦੇਨਜ਼ਰ ਕਾਂਗਰਸੀ ਨੇਤਾ ਨਵਜੋਤ ਸਿੰਘ ਸਿੱਧੂ ਨੇ ਬੁੱਧਵਾਰ ਆਪਣੀ ਪਾਰਟੀ ਦੇ ਨੇਤ

7-SEP-PAGE-1.qxd 9/6/2023 9:22 PM Page 2



## ਏਸ਼ੀਅਨ ਪੇਂਟਸ ਵੱਲੋਂ 'ਸਮਾਰਟ ਕੇਅਰ ਹਾਈਡ੍ਰੋਕ ਐਕਸਟ੍ਰੀਮ' ਦਾ ਆਗਾਜ਼

**ਲੁਧਿਆਣਾ:** ਸਮਾਰਟਕੇਅਰ ਹਾਈਡ੍ਰੋਕ ਐਕਸਟ੍ਰੀਮ ਨੇ ਇੱਕ ਆਸਾਨ-ਵਰਤਣ ਲਈ ਅੰਦਰੂਨੀ ਵਾਟਰਪਰੂਫਿੰਗ ਹੱਲ ਪੇਸ਼ ਕੀਤਾ ਹੈ ਜੋ ਘਰਾਂ ਦੀਆਂ ਕੰਧਾਂ ਨੂੰ ਨਮੀ, ਨਮੀ ਅਤੇ ਲੂਣ ਤੋਂ ਬਚਾਉਣ ਲਈ 5 ਸਾਲਾਂ ਦੀ ਵਾਰੰਟੀ ਦੇ ਨਾਲ ਆਉਂਦਾ ਹੈ। ਹੁਣ ਆਪਣੇ ਘਰ ਦੀਆਂ ਕੰਧਾਂ ਦੇ ਗਿੱਲੇਪਣ ਨੂੰ ਅਲਵਿਦਾ ਕਹੋ। ਏਸ਼ੀਅਨ ਪੇਂਟਸ ਨੇ ਆਪਣੇ ਬ੍ਰਾਂਡ ਅੰਬੈਸਡਰਾਂ ਰਣਬੀਰ ਕਪੂਰ ਅਤੇ ਪੀ. ਵੀ. ਸਿੰਧੂ ਨਾਲ ਮਿਲ ਕੇ ਸਮਾਰਟਕੇਅਰ ਹਾਈਡ੍ਰੋਕ ਐਕਸਟ੍ਰੀਮ ਪੇਸ਼ ਕੀਤਾ ਹੈ, ਜੋ ਕਿ ਇਨਡੋਰ ਵਾਟਰਪਰੂਫਿੰਗ ਲਈ ਇੱਕ ਨਵੀਨਤਮ ਹੱਲ ਹੈ। ਕਈ ਸ਼ਾਨਦਾਰ ਵਿਸ਼ੇਸ਼ਤਾਵਾਂ ਦੇ ਨਾਲ ਸਮਾਰਟਕੇਅਰ ਹਾਈਡ੍ਰੋਕ ਐਕਸਟ੍ਰੀਮ ਘਰ ਦੀਆਂ ਕੰਧਾਂ 'ਤੇ ਨਮੀ ਅਤੇ ਸਾਲਟਪੀਟਰ ਵਰਗੀਆਂ ਸਭ ਤੋਂ ਮੁਸ਼ਕਿਲ ਵਾਟਰਪ੍ਰੂਫਿੰਗ ਸਮੱਸਿਆਵਾਂ ਤੋਂ ਬੇਮਿਸਾਲ ਸੁਰੱਖਿਆ ਪ੍ਰਦਾਨ ਕਰਦਾ ਹੈ।

## ਚਾਕੂ ਦੀ ਨੋਕ 'ਤੇ 11 ਹਜ਼ਾਰ ਲੁੱਟਿਆ

**ਲੌਂਗੋਵਾਲ (ਪ੍ਰਦੀਪ ਸਿੰਘ ਸੱਪਲ)** ਸੰਤ ਸਲਾਇਟ ਇੰਜਨੀਅਰਿੰਗ ਕਾਲਜ ਟੈਕਨਾਲੋਜੀ ਸੰਸਥਾ ਵਿੱਚ ਮਾਲੀ ਦੀ ਬਤੌਰ ਡਿਊਟੀ ਕਰਨ ਵਾਲੇ ਮੁਲਾਜ਼ਮ ਸਤਪਾਲ ਪਿੰਡ ਨਮੋਲ ਤੋਂ ਕੁਝ ਅਣਪਛਾਤੇ ਵਿਅਕਤੀਆਂ ਵੱਲੋਂ ਨਮੋਲ ਰੋਡ ਦੇ ਭੱਠੇ ਕੋਲ ਚਾਕੂ ਦੀ ਨੋਕ 'ਤੇ 11 ਹਜ਼ਾਰ ਰੁਪਏ ਲੁੱਟ ਦਾ ਸਮਾਚਾਰ ਮਿਲਿਆ ਹੈ। ਇਹ ਮੁਲਾਜ਼ਮ ਆਪਣੀ ਤਨਖਾਹ ਕਢਵਾ ਕੇ ਸ਼ਾਮ ਨੂੰ ਆਪਣੇ ਪਿੰਡ ਨਮੋਲ ਜਾ ਰਿਹਾ ਸੀ। ਲੋਕਾਂ ਨੇ ਦੱਸਿਆ ਕਿ ਇਸ ਥਾਂ 'ਤੇ ਪਹਿਲਾਂ ਵੀ ਕਈ ਵਾਰ ਵਾਰਦਾਤਾਂ ਵਾਪਰ ਚੁੱਕੀਆਂ ਸਨ।

## 'ਕੌਮੀ ਖੁਰਾਕ ਹਫ਼ਤਾ' ਤਹਿਤ ਕਰਾਇਆ ਸੈਮੀਨਾਰ

**ਤਪਾ ਮੰਡੀ (ਅਰੁਣ ਗੋਇਲ)** ਸਿਵਲ ਸਰਜਨ ਡਾ. ਜਸਬੀਰ ਸਿੰਘ ਔਲਖ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਸਬ ਡਵੀਜ਼ਨਲ ਹਸਪਤਾਲ ਵਿਖੇ ਕੌਮੀ ਖੁਰਾਕ ਹਫ਼ਤੇ ਤਹਿਤ ਸੈਮੀਨਾਰ ਕਰਾਇਆ ਗਿਆ। ਸੀਨੀਅਰ ਮੈਡੀਕਲ ਅਫ਼ਸਰ ਡਾ. ਨਵਜੋਤਪਾਲ ਸਿੰਘ ਭੁੱਲਰ ਨੇ ਕਿਹਾ ਕਿ ਚੰਗੀ ਤੇ ਨਰੋਈ ਸਿਹਤ ਪ੍ਰਤੀ ਲੋਕਾਂ ਨੂੰ ਜਾਗਰੂਕ ਕਰਨ ਲਈ ਸਿਹਤ ਵਿਭਾਗ ਵੱਲੋਂ 7 ਸਤੰਬਰ ਤੱਕ 'ਕੌਮੀ ਖੁਰਾਕ ਹਫ਼ਤਾ' ਮਨਾਇਆ ਜਾ ਰਿਹਾ ਹੈ। ਉਨ੍ਹਾਂ ਸੈਮੀਨਾਰ ਵਿੱਚ ਸ਼ਾਮਲ ਹੋਈਆਂ ਆਸ਼ਾ ਵਰਕਰਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਸਿਹਤਮੰਦ ਖੁਰਾਕ ਹੀ ਸਿਹਤਮੰਦ ਜੀਵਨ ਦਾ ਅਧਾਰ ਹੈ। ਉਨ੍ਹਾਂ ਕਿਹਾ ਹਰ ਇਕ ਲਈ ਪੌਸ਼ਟਿਕ ਭੋਜਨ ਬਹੁਤ ਜ਼ਰੂਰੀ ਹੈ, ਪਰ ਗਰਭਵਤੀ ਔਰਤਾਂ ਨੂੰ ਇਸ ਦਾ ਵਿਸ਼ੇਸ਼ ਖਿਆਲ ਰੱਖਣ ਦੀ ਜ਼ਰੂਰਤ ਹੁੰਦੀ ਹੈ। ਉਨ੍ਹਾਂ ਕਿਹਾ ਕਿ ਗਰਭ ਅਵਸਥਾ ਦੌਰਾਨ ਔਰਤਾਂ ਵਿੱਚ ਖ਼ੂਨ ਦੀ ਕਮੀ ਨੂੰ ਪੂਰਾ ਕਰਨ ਲਈ ਹਰੀਆਂ ਪੱਤੇਦਾਰ ਸਬਜ਼ੀਆਂ, ਸਥਾਨਕ ਤੇ ਮੌਸਮੀ ਫ਼ਲ, ਦਾਲਾਂ, ਦੁੱਧ, ਦਹੀਂ ਆਦਿ ਦੀ ਵਰਤੋਂ ਕਰਨੀ ਚਾਹੀਦੀ ਹੈ। ਇਸ ਮੌਕੇ ਬਲਾਕ ਐਜੂਕੇਟਰ ਜਸਪਾਲ ਸਿੰਘ ਜਟਾਣਾ ਨੇ ਕਿਹਾ ਕਿ ਇਸ ਵਾਰ ਕੌਮੀ ਖੁਰਾਕ ਹਫ਼ਤੇ ਦਾ ਥੀਮ 'ਸਾਰਿਆਂ ਲਈ ਸਿਹਤਮੰਦ ਖੁਰਾਕ' ਹੈ। ਇਸ ਥੀਮ ਦਾ ਮਕਸਦ ਹੈ ਕਿ ਸਮਾਜਿਕ ਰੁਤਬੇ ਤੇ ਆਮਦਨ ਨੂੰ ਪਾਸੇ ਰੱਖ ਕੇ ਬਿਨਾਂ ਕਿਸੇ ਭੇਦਭਾਵ ਦੇ ਸਾਰਿਆਂ ਨੂੰ ਕਿਫ਼ਾਇਤੀ ਸਿਹਤਮੰਦ ਖੁਰਾਕ ਮਿਲੇ ਤੇ ਇਸ ਦੀ ਮਹੱਤਤਾ ਬਾਰੇ ਜਾਗਰੂਕ ਕਰਨਾ ਹੈ। ਉਨ੍ਹਾਂ ਕਿਹਾ ਕਿ ਖਾਣ-ਪੀਣ ਦੀਆਂ ਚੰਗੀਆਂ ਆਦਤਾਂ ਨੂੰ ਉਤਸ਼ਾਹਤ ਕਰਨ ਦੀ ਲੋੜ ਹੈ। ਇਸ ਮੌਕੇ ਹੋਰਨਾਂ ਤੋਂ ਇਲਾਵਾ ਐਸ.ਆਈ. ਰਣਜੀਵ ਕੁਮਾਰ, ਬਲਾਕ ਅਕਾਊਂਟੈਂਟ ਅਨੀਤਾ ਗੋਇਲ (ਭੈਣੀ ਵਾਲੇ), ਐਸ.ਟੀ.ਐਸ. ਪ੍ਰਦੀਪ ਕੁਮਾਰ ਹਾਜ਼ਰ ਸਨ।

## ਹੈਂਡਬਾਲ 'ਚ ਲੜਕੀਆਂ ਨੇ ਪਹਿਲਾ ਸਥਾਨ ਪ੍ਰਾਪਤ ਕੀਤਾ

**ਲੌਂਗੋਵਾਲ ( ਕੁਲਦੀਪ ਅਤਰੀ, ਪ੍ਰਦੀਪ ਸਿੰਘ ਸੱਪਲ)-** ਇਲਾਕੇ ਦੀ ਨਾਮਵਰ ਸਿੱਖਿਆ ਸੰਸਥਾ ਸ਼ਹੀਦ ਭਾਈ ਦਿਆਲਾ ਜੀ ਪਬਲਿਕ ਸਕੂਲ ਦੀਆਂ ਖਿਡਾਰਨਾਂ ਨੇ ਹੈਂਡਬਾਲ ਵਿੱਚ 67ਵੀਆਂ ਜ਼ਿਲ੍ਹਾ ਪੱਧਰ ਸਕੂਲ ਖੇਡਾਂ ਜੋ ਕਿ ਪਿਛਲੇ ਦਿਨੀਂ ਸਾਈਂ ਸੈਂਟਰ ਮਸਤੂਆਣਾ ਵਿਖੇ ਹੋਈਆਂ, ਵਿਚ ਲੌਂਗੋਵਾਲ ਜ਼ੋਨ ਵੱਲੋਂ ਭਾਗ ਲਿਆ। ਜਿਸ ਵਿਚ 17 ਸਾਲਾ ਲੜਕੀਆਂ ਨੇ ਪਹਿਲਾ ਸਥਾਨ ਪ੍ਰਾਪਤ ਕੀਤਾ। 14 ਸਾਲ ਤੇ 19 ਸਾਲ ਲੜਕੀਆਂ ਨੇ ਦੂਜਾ ਸਥਾਨ ਪ੍ਰਾਪਤ ਕੀਤਾ। ਇਸ ਪ੍ਰਾਪਤੀ 'ਤੇ ਸਕੂਲ ਮੁਖੀ ਪ੍ਰਿੰਸੀਪਲ ਨਰਪਿੰਦਰ ਸਿੰਘ ਢਿੱਲੋਂ ਨੇ ਖਿਡਾਰਨਾਂ ਨੂੰ ਵਧਾਈ ਦਿੱਤੀ ਅਤੇ ਵਿਸ਼ੇਸ਼ ਸਨਮਾਨ ਕੀਤਾ। ਇਸ ਮੌਕੇ ਡੀ. ਪੀ.ਈ ਹਰਪ੍ਰੀਤ ਸਿੰਘ, ਕੁਲਵਿੰਦਰ ਕੌਰ, ਭੁਪਿੰਦਰ ਕੌਰ ਆਦਿ ਹਾਜ਼ਰ ਸਨ।

## ਜੀ ਐੱਚ ਜੀ ਅਕੈਡਮੀ 'ਚ ਜਨਮ ਅਸ਼ਟਮੀ ਮਨਾਈ

**ਜਗਰਾਉਂ (ਅਮਿਤ ਖੰਨਾ)** ਜੀ.ਐਚ. ਜੀ .ਅਕੈਡਮੀ ਜਗਰਾਉਂ ਵਿਖੇ ਜਨਮ ਅਸ਼ਟਮੀ ਦਾ ਤਿਉਹਾਰ ਬਹੁਤ ਹੀ ਸ਼ਰਧਾ ਭਾਵਨਾ ਨਾਲ ਮਨਾਇਆ ਗਿਆ। ਜਿਸ ਵਿੱਚ ਨਰਸਰੀ ਤੋਂ ਦੂਸਰੀ ਜਮਾਤ ਦੇ ਵਿਦਿਆਰਥੀਆਂ ਨੇ ਭਾਗ ਲਿਆ । ਨਰਸਰੀ ਤੋਂ ਦੂਸਰੀ ਜਮਾਤ ਦੇ ਸਾਰੇ ਲੜਕੇ ਕ੍ਰਿਸ਼ਨ ਜੀ ਦਾ ਪਹਿਰਾਵਾ ਪਾ ਕੇ ਆਏ। ਕ੍ਰਿਸ਼ਨ ਦੀ ਪੁਸ਼ਾਕ ਪਹਿਨੇ ਵਿਦਿਆਰਥੀਆਂ ਨੇ ਸਿਰ 'ਤੇ ਮੋਰ ਪੰਖ ਲਗਾਏ ਹੋਏ ਸਨ ਅਤੇ ਉਨ੍ਹਾਂ ਨੇ ਬੰਸਰੀ ਵੀ ਵਜਾਈ। ਇਸ ਤਰ੍ਹਾਂ ਹੀ ਨਰਸਰੀ ਤੋਂ ਦੂਸਰੀ ਜਮਾਤ ਦੀਆਂ ਲੜਕੀਆਂ ਰਾਧਾ ਦੀ ਪੁਸ਼ਾਕ ਪਹਿਨ ਕੇ ਬਹੁਤ ਹੀ ਸੁੰਦਰ ਲੱਗ ਰਹੀਆਂ ਸਨ । ਕੁਝ ਵਿਦਿਆਰਥੀਆਂ ਨੇ ਮਟਕਾ ਭੰਨ ਕੇ ਮੱਖਣ ਖਾਣ ਦੀ ਐਕਟਿੰਗ ਕੀਤੀ । ਅਖੀਰ ਵਿੱਚ ਜੀ. ਐੱਚ. ਜੀ. ਅਕੈਡਮੀ ਦੇ ਪ੍ਰਿੰਸੀਪਲ ਰਮਨਜੋਤ ਕੌਰ ਗਰੇਵਾਲ ਨੇ ਸਮੂਹ ਸਟਾਫ ਤੇ ਵਿਦਿਆਰਥੀਆਂ ਨੂੰ ਕ੍ਰਿਸ਼ਨ ਦੇ ਜਨਮ ਦੀ ਵਧਾਈ ਦਿੱਤੀ ਅਤੇ ਕ੍ਰਿਸ਼ਨ ਜੀ ਦੁਆਰਾ ਦਿੱਤੇ ਉਪਦੇਸ਼ਾਂ 'ਤੇ ਅਮਲ ਕਰਨ ਦੀ ਨਸੀਹਤ ਵੀ ਦਿੱਤੀ।

## ਪਾਵਰ ਲਿਫਟਿੰਗ 'ਚ ਕਾਂਸੀ ਤਗਮਾ ਜਿੱਤਣ ਵਾਲੇ ਸਾਹਿਲ ਸੋਫਤ ਦਾ ਮੰਡੀ ਗੋਬਿੰਦਗੜ੍ਹ 'ਚ ਸਵਾਗਤ

**ਮੰਡੀ ਗੋਬਿੰਦਗੜ੍ਹ, (ਲਖਵੀਰ ਸਿੰਘ, ਹਰਚਰਨ ਉਪਲ)** -ਮੰਡੀ ਗੋਬਿੰਦਗੜ੍ਹ ਸ਼ਹਿਰ ਦੇ ਸਾਹਿਲ ਸੋਫਤ ਨੇ ਵਿਸ਼ਵ ਚੈਂਪੀਅਨਸ਼ਿਪ ਪਾਵਰ ਲਿਫਟਿੰਗ ਵਿੱਚ ਕਾਂਸੀ ਤਗਮਾ ਜਿੱਤ ਕੇ ਸ਼ਹਿਰ ਅਤੇ ਪੰਜਾਬ ਦਾ ਨਾਂ ਦੁਨੀਆ ਵਿੱਚ ਚਮਕਾਇਆ। ਸਾਹਿਲ ਇਕੱਲਾ ਹੀ ਅਜਿਹਾ ਖਿਡਾਰੀ ਸੀ ਜੋ ਪੰਜਾਬ ਵਿੱਚੋਂ ਚੁਣਿਆ ਗਿਆ ਸੀ। ਇਸ ਜਿੱਤ ਤੋਂ ਬਾਅਦ ਸ਼ਹਿਰ ਵਾਪਸ ਪਰਤੇ ਸਾਹਿਲ ਸੋਫਤ ਦਾ ਸ਼ਹਿਰ ਵਾਸੀਆਂ ਵਲੋਂ ਭਰਵਾਂ ਸਵਾਗਤ ਕੀਤਾ ਗਿਆ। ਇਸ ਮੌਕੇ ਨਗਰ ਕੌਂਸਲ ਮੰਡੀ ਗੋਬਿਦਗੜ੍ਹ ਦੇ ਪ੍ਰਧਾਨ ਹਰਪ੍ਰੀਤ ਸਿੰਘ ਪ੍ਰਿੰਸ ਸਮੇਤ ਸ਼ਹਿਰ ਦੀਆਂ ਧਾਰਮਕ ਅਤੇ ਸਿਆਸੀ ਜਥੇਬੰਦੀਆਂ ਵਲੋਂ ਸਾਹਿਲ ਸੋਫਤ ਦੀ ਇਸ ਵੱਡੀ ਕਾਮਯਾਬੀ ਲਈ ਜਿੱਥੇ ਉਸ ਦਾ ਸਵਾਗਤ ਕੀਤਾ ਉਥੇ ਹੀ ਸਾਹਿਲ ਸੋਫਤ ਅਤੇ ਉਸ ਦੇ ਪਰਵਾਰ ਨੂੰ ਵਧਾਈ ਵੀ ਦਿੱਤੀ। ਸਾਹਿਲ ਸੋਫਤ ਦੇ ਕੋਚ ਹਰਵਿਨੇ ਭਾਰਦਵਾਜ ਨੇ ਖੁਸ਼ੀ ਜ਼ਾਹਰ ਕਰਦੇ ਹੋਏ ਕਿਹਾ ਕਿ ਇਹ ਮੇਰੇ ਲਈ ਫਕਰ ਗੱਲ ਹੀ ਕਿ ਸਾਹਿਲ ਪੰਜਾਬ ਦਾ ਇਕਲੌਤਾ ਖਿਡਾਰੀ ਹੈ ਜਿਸ ਨੇ ਸਬ ਜੂਨੀਅਰ ਪਾਵਰ ਲਿਫਟਿੰਗ ਵਿੱਚ ਇਹ ਮਾਣ ਖੱਟਿਆ ਹੈ ਅਤੇ ਇਹ ਮੈਡਲ ਜਿੱਤ ਕੇ ਆਇਆ ਹੈ। ਨਗਰ ਕੌਂਸਲ ਮੰਡੀ ਗੋਬਿੰਦਗੜ੍ਹ ਦੇ ਪ੍ਰਧਾਨ ਹਰਪ੍ਰੀਤ ਸਿੰਘ ਪ੍ਰਿੰਸ ਕਿਹਾ ਕਿ ਸਾਡੇ ਲਈ ਅਤੇ ਸਾਡੇ ਸ਼ਹਿਰ ਲਈ ਇਹ ਵੱਡੇ ਮਾਣ ਵਾਲੀ ਗੱਲ ਹੈ। ਉਨ੍ਹਾਂ ਕਿਹਾ ਕਿ ਜਲਦ ਹੀ ਨਗਰ ਕੌਂਸਲ ਵਲੋਂ ਸ਼ਹਿਰ ਵਿਚ ਬਾਕੀ ਖੇਡਾਂ ਵਾਂਗ ਪਾਵਰ ਲਿਫਟਿੰਗ ਅਤੇ ਰੇਸਲਿੰਗ ਕਰਨ ਵਾਲੇ ਖਿਡਾਰੀਆਂ ਲਈ ਇਕ ਸਟੇਡੀਅਮ ਬਣਾਇਆ ਜਾਵੇਗਾ ਤਾਂ ਕਿ ਹੋਰ ਬੱਚੇ ਅਤੇ ਨੌਜਵਾਨ ਇਸ ਖੇਡ ਨਾਲ ਜੁੜ ਸ਼ਹਿਰ ਅਤੇ ਦੇਸ ਦਾ ਨਾਂਅ ਸਾਹਿਲ ਵਾਂਗ ਰੌਸ਼ਨ ਕਰਨ ਸਕਣ।

## ਲੁਧਿਆਣਾ ਦੇ ਸਾਹਨੇਵਾਲ ਏਅਰਪੋਰਟ ਤੋਂ ਉਡਾਨਾਂ ਸ਼ੁਰੂ

**ਲੁਧਿਆਣਾ :** ਕੌਮੀ ਰਾਜਧਾਨੀ ਖੇਤਰ (ਐੱਨ ਸੀ ਆਰ) ਨਾਲ ਪੰਜਾਬ ਦੇ ਹਵਾਈ ਸੰਪਰਕ ਨੂੰ ਹੋਰ ਸੁਚਾਰੂ ਬਣਾਉਣ ਦੀ ਦਿਸ਼ਾ ਵਿੱਚ ਵੱਡੀ ਪੁਲਾਂਘ ਪੁੱਟਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਬੁੱਧਵਾਰ ਨੂੰ ਹਿੰਡਨ-ਲੁਧਿਆਣਾ-ਹਿੰਡਨ ਉਡਾਣ ਦੀ ਸ਼ੁਰੂਆਤ ਕੀਤੀ, ਜਿਸ ਨਾਲ ਦੋ ਸਾਲ ਤੋਂ ਵੱਧ ਵਕਫ਼ੇ ਮਗਰੋਂ ਲੁਧਿਆਣਾ ਦੇ ਹਵਾਈ ਅੱਡੇ ਤੋਂ ਹਵਾਈ ਆਵਾਜਾਈ ਬਹਾਲ ਹੋਈ ਹੈ। ਉਨ੍ਹਾ ਐਲਾਨ ਕੀਤਾ ਕਿ ਪਹਿਲੇ ਤਿੰਨ ਮਹੀਨਿਆਂ ਲਈ ਲੁਧਿਆਣਾ ਤੋਂ ਐੱਨ ਸੀ ਆਰ ਦੇ ਹਵਾਈ ਸਫ਼ਰ ਦਾ ਕਿਰਾਇਆ ਸਿਰਫ਼ 999 ਰੁਪਏ ਹੋਵੇਗਾ।

ਇਸ ਨੂੰ ਇਤਿਹਾਸਕ ਦਿਨ ਦੱਸਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਸੂਬਾ ਸਰਕਾਰ ਦੀਆਂ ਪੁਰਜ਼ੋਰ ਕੋਸ਼ਿਸ਼ਾਂ ਨਾਲ ਲੁਧਿਆਣਾ ਦੇ ਹਵਾਈ ਅੱਡੇ ਤੋਂ ਦੋ ਸਾਲ ਤੋਂ ਵੱਧ ਸਮੇਂ ਬਾਅਦ ਉਡਾਣ ਸ਼ੁਰੂ ਹੋਈ ਹੈ, ਜਿਸ ਨਾਲ ਸਨਅਤੀ ਸ਼ਹਿਰ ਦੇ ਲੋਕਾਂ ਨੂੰ ਵੱਡੀ ਰਾਹਤ ਮਿਲੀ ਹੈ। ਉਨ੍ਹਾ ਕਿਹਾ ਕਿ ਇਹ ਉਡਾਣ ਮੈਸਰਜ਼ ਬਿੱਗ ਚਾਰਟਰ ਪ੍ਰਾਈਵੇਟ ਲਿਮਟਿਡ ਕੰਪਨੀ ਵੱਲੋਂ ਫਲਾਈ ਬਿੱਗ ਏਅਰਲਾਈਨਜ਼ ਦੇ ਨਾਂਅ ਉਤੇ ਚਲਾਈ ਜਾਵੇਗੀ ਅਤੇ ਮੁੱਢਲੇ ਤੌਰ ਉਤੇ ਇਹ ਉਡਾਣ ਪੰਜ ਦਿਨਾਂ ਲਈ ਸ਼ੁਰੂ ਕੀਤੀ ਜਾਵੇਗੀ, ਪਰ ਅਗਲੇ ਮਹੀਨੇ ਤੋਂ ਇਹ ਉਡਾਣ ਸਾਰੇ ਹਫ਼ਤੇ ਲਈ ਚਲਾਈ ਜਾਵੇਗੀ। ਇਸ ਉਡਾਣ ਰਾਹੀਂ ਲੁਧਿਆਣਾ ਤੋਂ ਹਿੰਡਨ (ਗਾਜ਼ੀਆਬਾਦ) ਪਹੁੰਚਣ ਲਈ 90 ਮਿੰਟ ਦਾ ਸਮਾਂ ਲੱਗੇਗਾ।

ਮੁੱਖ ਮੰਤਰੀ ਨੇ ਐਲਾਨ ਕੀਤਾ ਕਿ ਏਅਰਲਾਈਨ ਸ਼ੁਰੂਆਤੀ ਤੋਹਫ਼ੇ ਵਜੋਂ ਆਪਣੀ ਉਡਾਣ ਸ਼ੁਰੂ ਹੋਣ ਤੋਂ ਪਹਿਲੇ ਤਿੰਨ ਮਹੀਨਿਆਂ ਲਈ 999 ਰੁਪਏ ਪ੍ਰਤੀ ਟਿਕਟ ਦੀ ਪੇਸ਼ਕਸ਼ ਕਰੇਗੀ। ਲੁਧਿਆਣਾ ਤੋਂ ਐੱਨ ਸੀ ਆਰ ਦਾ ਸਫ਼ਰ ਸਿਰਫ਼ 999 ਰੁਪਏ ਦਾ ਹੋਵੇਗਾ, ਜੋ ਬੱਸ ਸਫ਼ਰ ਨਾਲੋਂ ਸਸਤਾ ਹੋਵੇਗਾ। ਉਹਨਾ ਕਿਹਾ ਕਿ ਇਸ ਨਾਲ ਸੂਬੇ ਵਿੱਚ ਆਰਥਕ ਗਤੀਵਿਧੀਆਂ ਨੂੰ ਹੋਰ ਹੁਲਾਰਾ ਮਿਲੇਗਾ, ਜੋ ਪੰਜਾਬ ਦੀ ਤਰੱਕੀ ਤੇ ਲੋਕਾਂ ਦੀ ਖੁਸ਼ਹਾਲੀ ਲਈ ਅਹਿਮ ਭੂਮਿਕਾ ਨਿਭਾਏਗਾ।

## ਕਰਾਂਪਟਨ ਗਾਰਡਨ ਤੇ ਗੇਟ ਲਾਈਟਾਂ ਦੀ ਨਵੀਂ ਸੋਲਾਰੀਅਨ ਸੀਰੀਜ਼ ਸ਼ੁਰੂ

**ਅੰਮ੍ਰਿਤਸਰ,** ਕਰਾਂਪਟਨ ਗ੍ਰੀਵਜ਼ ਕੰਜ਼ਿਊਮਰ ਇਲੈਕਟ੍ਰੀਕਲ ਲਿਮਟਿਡ (ਸੀਜੀਸੀਈਐੱਲ) ਜੋ ਕਿ ਆਪਣੀਆਂ ਵਿਲੱਖਣ ਪੇਸ਼ਕਸ਼ਾਂ ਰਾਹੀਂ ਖਪਤਕਾਰਾਂ ਦੇ ਤਜਰਬਿਆਂ ਨੂੰ ਵਧਾਉਣ ਲਈ ਜਾਣੀ ਜਾਂਦੀ ਹੈ, ਨੇ ਆਪਣੀ ਨਵੀਂ ਸੁੰਦਰ ਅਤੇ ਬਹੁਮਖੀ ਆਊਟਡੋਰ ਲਾਈਟਿੰਗ ਰੇਂਜ, ਸੋਲਾਰੀਅਨ ਗਾਰਡਨ ਲਾਈਟਾਂ ਨੂੰ ਲਾਂਚ ਕਰਨ ਦਾ ਐਲਾਨ ਕੀਤਾ ਹੈ। ਗੁਣਵੱਤਾ, ਲੰਬੇ ਸਮੇਂ ਦੀ ਸਥਿਰਤਾ ਅਤੇ ਨਵੀਨਤਾ ਦੀ 80-ਸਾਲ ਦੀ ਵਿਰਾਸਤ ਦੇ ਨਾਲ ਬਾਹਰੀ ਸਥਾਨਾਂ ਦੀ ਸੁੰਦਰਤਾ ਨੂੰ ਵਧਾਉਣ ਲਈ ਬਣਾਈ ਗਈ, ਨਵੀਂ ਰੇਂਜ ਬ੍ਰਾਂਡ ਅਤੇ ਇਸਦੀ ਸੇਵਾ ਦੇ ਵਾਅਦੇ ਨੂੰ ਜੋੜਦੀ ਹੈ। ਕੰਪਨੀ ਦੇ ਨਵੇਂ ਆਊਟਡੋਰ ਲਾਈਟਿੰਗ ਉਤਪਾਦਾਂ ਬਾਰੇ ਬੋਲਦਿਆਂ ਸਾਲਿਨ ਨਾਇਕ ਵਾਈਸ ਪ੍ਰੈਜ਼ੀਡੈਂਟ ਅਤੇ ਬਿਜ਼ਨਸ ਹੈੱਡ, ਲਾਈਟਿੰਗ, ਕਰਾਂਪਟਨ ਗ੍ਰੀਵਜ਼ ਕੰਜ਼ਿਊਮਰ ਇਲੈਕਟ੍ਰੀਕਲਜ਼ ਲਿਮਟਿਡ ਨੇ ਕਿਹਾ ਕਿ ਕਰਾਂਪਟਨ ਆਪਣੇ ਉਤਪਾਦਾਂ ਦੀ ਗੁਣਵੱਤਾ ਅਤੇ ਆਪਣੇ ਖਪਤਕਾਰਾਂ ਲਈ ਵਧੀਆ ਅਨੁਭਵ ਨੂੰ ਧਿਆਨ ਵਿੱਚ ਰੱਖਦੇ ਹੋਏ ਡਿਜ਼ਾਈਨ ਕਰਦਾ ਹੈ।

## ਭੰਡੋਆ ਤੋਂ ਕ੍ਰਿਸ਼ਨ ਜਨਮ ਅਸ਼ਟਮੀ ਮੌਕੇ ਸਜਾਈ ਵਿਸ਼ਾਲ ਸੋਭਾ ਯਾਤਰਾ

**ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ)**-ਸਥਾਨਕ ਕਸਬੇ ਦੇ ਮੰਦਰ ਭੰਡੋਆ ਤੋਂ ਸ਼੍ਰੀ ਕ੍ਰਿਸ਼ਨ ਜਨਮ ਅਸ਼ਟਮੀ ਦੇ ਸਬੰਧ ਵਿੱਚ ਇੱਕ ਵਿਸ਼ਾਲ ਸੋਭਾ ਯਾਤਰਾ ਸਜਾਈ ਗਈ। ਪ੍ਰਬੰਧਕਾਂ ਵੱਲੋਂ ਸ਼੍ਰੀ ਕ੍ਰਿਸ਼ਨ ਦੀ ਮੂਰਤੀ ਨੂੰ ਸੁੰਦਰ ਪਾਲਕੀ ਵਿੱਚ ਸਜਾਇਆ ਹੋਇਆ ਸੀ, ਜਿਸ 'ਤੇ ਸੰਗਤਾਂ ਵੱਲੋਂ ਫੁੱਲਾਂ ਦੀ ਵਰਖਾ ਕੀਤੀ ਜਾ ਰਹੀ ਸੀ। ਇਸ ਮੌਕੇ ਮਹਿਲਾ ਕੀਰਤਨ ਮੰਡਲੀ ਤੇ ਕ੍ਰਿਸ਼ਨ ਭਗਤਾਂ ਵੱਲੋਂ ਸ਼੍ਰੀ ਕ੍ਰਿਸ਼ਨ ਦੀ ਮਹਿਮਾ ਦਾ ਗੁਣਗਾਨ ਕਰਕੇ ਸੰਗਤਾਂ ਨੂੰ ਨਿਹਾਲ ਕੀਤਾ ਗਿਆ। ਇਹ ਸ਼ੋਭਾ ਯਾਤਰਾ ਕਸਬੇ ਦੇ ਵੱਖ -ਵੱਖ ਬਾਜ਼ਾਰਾਂ ਅਤੇ ਗਲੀਆਂ 'ਚੋਂ ਹੁੰਦੀ ਹੋਈ ਵਾਪਿਸ ਮੰਦਰ ਸ਼੍ਰੀ ਰਾਧਾ ਕ੍ਰਿਸ਼ਨ ਵਿਖੇ ਸੰਪੰਨ ਹੋਈ। ਇਸ ਮੌਕੇ ਕਸਬੇ ਦੇ ਲੋਕਾਂ ਵੱਲੋਂ ਸ਼ੋਭਾ ਯਾਤਰਾ ਦਾ ਭਰਵਾਂ ਸਵਾਗਤ ਕੀਤਾ ਗਿਆ ਤੇ ਵੱਖ-ਵੱਖ ਜਗ੍ਹਾ ਤੇ ਲੰਗਰ ਲਗਾਏ ਗਏ। ਇਸ ਮੌਕੇ ਜਨਮ ਅਸ਼ਟਮੀ ਸਬੰਧੀ ਪੱਤਰਕਾਰਾਂ ਨੂੰ ਜਾਣਕਾਰੀ ਦਿੰਦਿਆਂ ਮੰਦਰ ਦੇ ਮੁੱਖ ਸੇਵਕ ਕਪਿਲ ਕੁਮਾਰ ਧਵਨ ਨੇ ਦੱਸਿਆ ਕਿ ਇਸ ਵਾਰ ਜਨਮ ਅਸ਼ਟਮੀ 7 ਸਤੰਬਰ ਦਿਨ ਵੀਰਵਾਰ ਨੂੰ ਬੜੀ ਸ਼ਰਧਾ ਅਤੇ ਧੂਮਧਾਮ ਨਾਲ ਮਨਾਈ ਜਾਵੇਗੀ। ਉਨ੍ਹਾਂ ਸ਼ਹਿਰ ਨਿਵਾਸੀਆਂ ਨੂੰ ਅਪੀਲ ਕੀਤੀ ਕਿ ਉਹ ਹੁੰਮ-ਹੁਮਾ ਕੇ ਵੱਧ ਤੋਂ ਵੱਧ ਸ਼੍ਰੀ ਕ੍ਰਿਸ਼ਨ ਜਨਮ ਅਸ਼ਟਮੀ ਮੌਕੇ ਮੰਦਰ ਭੰਡੋਆ ਵਿਖੇ ਪੁਹੰਚਣ ਅਤੇ ਸ਼੍ਰੀ ਕ੍ਰਿਸ਼ਨ ਜੀ ਦਾ ਅਸ਼ੀਰਵਾਦ ਪ੍ਰਾਪਤ ਕਰਨ। ਉਨ੍ਹਾਂ ਅੱਗੇ ਦੱਸਿਆ ਕਿ 8 ਤਰੀਕ ਨੂੰ ਸਵੇਰੇ ਕੀਰਤ

7-Sep-PAGE- 3 qxd.qxd 9/6/2023 8:20 PM Page 1



# ਸਿੱਖ ਬੀਬੀ ਦੇ ਦੁਮਾਲੇ ਦੀ ਬੇਅਦਬੀ, ਮਾਮਲਾ ਪੁੱਜਾ ਥਾਣੇ

**ਭਿੱਖੀਵਿੰਡ/ਖਾਲੜਾ (ਲਖਵਿੰਦਰ ਸਿੰਘ ਗੋਲਣ/ਰਣਬੀਰ ਸਿੰਘ ਗੋਲਣ)**-ਜ਼ਿਲ੍ਹਾ ਤਰਨ ਤਾਰਨ ਅਧੀਨ ਪੈਂਦੇ ਕਸਬਾ ਭਿੱਖੀਵਿੰਡ 'ਚ ਉਸ ਵਕਤ ਗੁੰਡਾਗਰਦੀ ਦਾ ਨੰਗਾ ਨਾਚ ਦੇਖਣ ਨੂੰ ਮਿਲਿਆ ਜਦੋਂ ਮਾਮੂਲੀ ਤਕਰਾਰ ਮਗਰੋਂ ਕੁਝ ਵਿਅਕਤੀਆਂ ਵੱਲੋਂ ਆਪਣੇ ਗੁਆਂਢ ਵਿੱਚ ਰਹਿੰਦੇ ਸਿੱਖ ਪਰਿਵਾਰ ਦੇ ਘਰ ਵਿੱਚ ਦਾਖਲ ਹੋ ਕੇ ਇੱਟਾਂ ਰੋੜਿਆਂ ਨਾਲ ਹਮਲਾ ਕਰਕੇ ਜਿੱਥੇ ਘਰ ਦੀ ਭੰਨ ਤੋੜ ਕੀਤੀ ਗਈ, ਉੱਥੇ ਹੀ ਘਰ 'ਚ ਮੌਜੂਦ ਸਿੱਖ ਬੀਬੀ ਦੇ ਦੁਮਾਲੇ ਦੀ ਬੇਅਦਬੀ ਵੀ ਕੀਤੀ ਗਈ। ਪ੍ਰਾਪਤ ਜਾਣਕਾਰੀ ਅਨੁਸਾਰ ਸਤਿਕਾਰ ਕਮੇਟੀ ਦੇ ਸਿੰਘਾਂ ਵੱਲੋਂ ਪੀੜਤ ਸਿੱਖ ਪਰਿਵਾਰ ਨੂੰ ਇਨਸਾਫ ਦਿਵਾਉਣ ਦਾ ਭਰੋਸਾ ਦਿੱਤਾ ਗਿਆ ਹੈ। ਇਸ ਮਾਮਲੇ ਸੰਬੰਧੀ ਪੱਤਰਕਾਰਾਂ ਨੂੰ ਜਾਣਕਾਰੀ ਦਿੰਦਿਆਂ ਪੀੜਤ ਸਿੱਖ ਨਿਹਾਲ ਸਿੰਘ ਨੇ ਦੱਸਿਆ ਕਿ ਉਸਦਾ ਸਾਰਾ ਪਰਿਵਾਰ ਸਿੱਖ ਹੈ ਅਤੇ ਬੀਤੇ ਦੋ ਦਿਨ ਪਹਿਲਾਂ ਉਸਦੀ ਪਤਨੀ ਨੇ ਘਰ ਦਰਵਾਜ਼ੇ ਨੇੜੇ ਮੰਜਾ ਡਾਹਿਆ ਹੋਇਆ ਸੀ, ਜਿਸ 'ਤੇ ਉਨ੍ਹਾਂ ਦਾ ਛੋਟਾ ਲੜਕਾ ਜਸ਼ਨਦੀਪ ਸਿੰਘ (11) ਸੁੱਤਾ ਹੋਇਆਂ ਸੀ। ਸਮਾਂ ਕਰੀਬ 4 ਵਜੇ ਉਨ੍ਹਾਂ ਦੇ ਗੁਆਂਢ 'ਚ ਰਹਿੰਦਾ ਨਿਰਵੈਲ ਸਿੰਘ ਅਤੇ ਉਸਦਾ ਪੁੱਤਰ ਜੋ ਗੱਡੀ 'ਚ ਸਵਾਰ ਸਨ, ਨੇ ਰਸਤਾ ਮੰਗਣ ਲਈ ਹਾਰਨ ਵਜਾਇਆ, ਜਿਸ ਤੋਂ ਬਾਅਦ ਉਸਦੀ ਪਤਨੀ ਗਗਨਦੀਪ ਕੌਰ ਨੇ ਉਨ੍ਹਾਂ ਦੇ ਸੁੱਤੇ ਹੋਏ ਲੜਕੇ ਨੂੰ ਉਠਾਇਆ ਅਤੇ ਦਰਵਾਜ਼ੇ ਅੱਗੋਂ ਮੰਜਾ ਚੁੱਕ ਕੇ ਨਿਰਵੈਲ ਸਿੰਘ ਹੁਰਾਂ ਦੀ ਗੱਡੀ ਨੂੰ ਰਸਤਾ ਦੇ ਦਿੱਤਾ। ਤਿੰਨ ਤੋਂ ਚਾਰ ਮਿੰਟ ਬਾਅਦ ਨਿਰਵੈਲ ਸਿੰਘ ਤੇ ਉਸਦਾ ਪੁੱਤਰ ਦੁਬਾਰਾ ਗੱਡੀ ਲੈ ਕੇ ਆ ਗਏ ਅਤੇ ਮੰਜਾ ਦਰਵਾਜ਼ੇ ਅੱਗੇ ਵੇਖ ਕੇ ਗਾਲੀ-ਗਲੋਚ ਕਰਨ ਮਗਰੋਂ ਧਮਕੀਆਂ ਦਿੰਦੇ ਹੋਏ ਮੌਕੇ ਤੋਂ ਚਲੇ ਗਏ। ਨਿਹਾਲ ਸਿੰਘ ਨੇ ਦੱਸਿਆ ਕਿ ਇਸ ਤੋਂ ਬਾਅਦ ਸ਼ਾਮ ਨੂੰ ਸਮਾਂ ਕਰੀਬ ਛੇ ਵਜੇ ਨਿਰਵੈਲ ਸਿੰਘ ਨੇ ਆਪਣੇ ਪੁੱਤਰ ਅਤੇ ਕੁੱਝ ਅਣਪਛਾਤੇ ਵਿਅਕਤੀਆਂ ਨੂੰ ਨਾਲ ਲੈ ਕੇ ਉਨ੍ਹਾਂ ਦੇ ਘਰ ਵਿੱਚ ਦਾਖਲ ਹੋ ਅਤੇ ਇੱਟਾਂ ਰੋੜੇ ਮਾਰਨੇ ਸ਼ੁਰੂ ਕਰ ਦਿੱਤੇ ਅਤੇ ਘਰ 'ਚ ਮੌਜੂਦ ਉਸਦੀ ਪਤਨੀ ਗਗਨਦੀਪ ਕੌਰ ਤੇ ਹਮਲਾ ਕਰਕੇ ਉਸਦੇ ਸਿਰ 'ਤੇ ਬੱਝਾ ਦੁਮਾਲਾ ਲਾਹ ਦਿੱਤਾ। ਨਿਹਾਲ ਸਿੰਘ ਨੇ ਦੱਸਿਆ ਕਿ ਉਸਦੀ ਪਤਨੀ ਨੇ ਰੌਲਾ ਰੱਪਾ ਪਾ ਆਪਣੀ ਜਾਨ ਬਚਾਈ। ਇਸ ਮੌਕੇ ਨਿਹਾਲ ਸਿੰਘ ਨੇ ਦੱਸਿਆ ਕਿ ਘਰ ਦੀ ਕੀਤੀ ਗਈ ਭੰਨਤੋੜ 'ਤੇ ਪਤਨੀ ਦੀ ਕੁੱਟਮਾਰ ਕਰਕੇ ਦੁਮਾਲੇ ਦੀ ਬੇਅਦਬੀ ਕਰਨ ਸਬੰਧੀ ਉਨ੍ਹਾਂ ਵੱਲੋਂ ਲਿਖਤੀ ਦਰਖਾਸਤ ਥਾਣਾ ਭਿੱਖੀਵਿੰਡ 'ਚ ਦਰਜ ਕਰਵਾਈ ਗਈ ਸੀ,ਪ੍ਰੰਤੂ ਹੁਣ ਤੱਕ ਪੁਲਸ ਵੱਲੋਂ ਉਪਰੋਕਤ ਹਮਲਾਵਾਰਾਂ ਵਿਰੁੱਧ ਕੋਈ ਵੀ ਠੋਸ ਕਾਰਵਾਈ ਨਹੀਂ ਕੀਤੀ ਗਈ ਹੈ। ਦੱਸ ਦਈਏ ਕਿ ਨਿਹਾਲ ਸਿੰਘ ਦੇ ਸਾਹਮਣੇ ਘਰ ਵਿੱਚ ਰਹਿੰਦੇ ਗੁਆਂਢੀਆਂ ਨੇ ਦੱਸਿਆ ਕਿ ਇਸ ਸਿੱਖ ਪਰਿਵਾਰ ਨਾਲ ਦੂਜੀ ਧਿਰ ਵੱਲੋਂ ਘਰ 'ਚ ਦਾਖਲ ਹੋ ਕੇ ਗੁੰਡਾਗਰਦੀ ਕੀਤੀ ਗਈ ਹੈ ਅਤੇ ਇਹ ਪਰਿਵਾਰ ਇਸ ਮਾਮਲੇ ਵਿੱਚ ਬਿੱਲਕੁੱਲ ਸਹੀ ਹੈ। ਉੱਧਰ ਸਿੱਖ ਬੀਬੀ ਦੇ ਦਮਾਲੇ ਦੀ ਬੇਅਦਬੀ ਸਬੰਧੀ ਪਰਿਵਾਰ ਨੂੰ ਮਿਲਣ ਪੁੱਜੇ ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ ਕਮੇਟੀ ਦੇ ਸੇਵਾਦਾਰ ਭਾਈ ਰਣਜੀਤ ਸਿੰਘ ਉਧੋਕੇ ਨੇ ਕਿਹਾ ਕਿ ਸਿੱਖ ਪਰਿਵਾਰ ਨਾਲ ਉਕਤ ਗੁਆਂਢੀਆ ਵੱਲੋਂ ਗੁੰਡਾਗਰਦੀ ਕੀਤੀ ਗਈ ਹੈ ਅਤੇ ਸਿੱਖ ਬੀਬੀ ਦੇ ਦੁਮਾਲੇ ਨੂੰ ਲਾਹ ਕੇ ਹਮਲਾਵਰਾਂ ਨੇ ਸਾਰੀਆਂ ਹੱਦਾਂ ਪਾਰ ਕਰ ਦਿੱਤੀਆਂ ਹਨ। ਭਾਈ ਰਣਜੀਤ ਸਿੰਘ ਨੇ ਕਿਹਾ ਕਿ ਉਪਰੋਕਤ ਵਿਅਕਤੀਆਂ ਖਿਲਾਫ ਸਖਤ ਕਾਨੂੰਨੀ ਕਾਰਵਾਈ ਕਰਵਾਈ ਜਾਵੇਗੀ। ਉਨ੍ਹਾਂ ਕਿਹਾ ਕਿ ਜੇਕਰ ਪੁਲਸ ਨੇ ਇਸ ਮਾਮਲੇ ਸੰਬੰਧੀ ਕੋਈ ਕਾਰਵਾਈ ਨਾ ਕੀਤੀ ਤਾਂ ਭਿੱਖੀਵਿੰਡ ਪੁਲਸ ਖਿਲਾਫ ਸੰਘਰਸ਼ ਵਿੱਢਿਆ ਜਾਵੇਗਾ।ਉੱਧਰ ਜਦੋਂ ਦੂਜੀ ਧਿਰ ਦੇ ਵਿਅਕਤੀ ਨਿਰਵੈਲ ਸਿੰਘ ਨੂੰ ਉਪਰੋਕਤ ਸਿੱਖ ਬੀਬੀ ਦੇ ਦੁਮਾਲੇ ਦੀ ਬੇਅਦਬੀ ਕਰਨ ਬਾਰੇ ਪੁੱਛਿਆ ਗਿਆ ਤਾਂ ਉਸਨੇ ਆਪਣੇ 'ਤੇ ਲੱਗੇ ਦੋਸ਼ਾਂ ਨੂੰ ਬੇਬੁਨਿਆਦ ਦੱਸਦਿਆ ਕਿਹਾ ਕਿ ਉਪਰੋਕਤ ਵਿਅਕਤੀ ਨੇ ਉਨ੍ਹਾਂ ਦੇ ਪਰਿਵਾਰਕ ਮੈਂਬਰ ਦੇ ਸੱਟਾਂ ਲਗਾਈਆਂ ਹਨ, ਜੋ ਇਸ ਵਕਤ ਸੀਐਚਸੀ ਹਸਪਤਾਲ ਸੁਰਸਿੰਘ ਵਿੱਚ ਇਲਾਜ ਅਧੀਨ ਹੈ। ਇਸ ਸੰਬੰਧੀ ਥਾਣਾ ਭਿੱਖੀਵਿੰਡ ਦੇ ਮੁਖੀ ਸਬ-ਇੰਸਪੈਕਟਰ ਬਲਜਿੰਦਰ ਸਿੰਘ ਨੇ ਕਿਹਾ ਕਿ ਦੋਵਾਂ ਧਿਰਾਂ ਨੂੰ ਥਾਣੇ ਪੁੱਜਣ ਲਈ ਆਖਿਆ ਗਿਆ ਹੈ। ਉਨ੍ਹਾਂ ਕਿਹਾ ਕਿ ਇਨਵੈਸਟੀਗੇਸਨ 'ਚ ਜਿਹੜੀ ਧਿਰ ਕਸੂਰਵਾਰ ਸਾਬਤ ਹੋਈ, ਉਸ ਵਿਰੁੱਧ ਬਣਦੀ ਕਾਰਵਾਈ ਕੀਤੀ ਜਾਵੇਗੀ।

# ਅਸਿਸਟੈਂਟ ਸਟੇਟ ਕਮਿਸ਼ਨਰ ਅੰਜਲੀ ਸਿੰਘ ਦਾ ਸਨਮਾਨ

ਤਰਨ ਤਾਰਨ (ਪ੍ਰਿਤਪਾਲ ਸਿੰਘ)-ਐਂਟੀ ਪਾਲਿਊਸ਼ਨ ਆਰਗੇਨਾਈਜੇਸ਼ਨ ਦੇ ਪੰਜਾਬ ਪ੍ਰਧਾਨ ਐਡਵੋਕੇਟ ਆਦੇਸ਼ ਅਗਨੀਹੋਤਰੀ ਦੀ ਅਗਵਾਈ ਹੇਠ ਅਹੁਦੇਦਾਰਾਂ ਨੇ ਨਵੇਂ ਆਏ ਅਸਿਸਟੈਂਟ ਸਟੇਟ ਕਮਿਸ਼ਨਰ ਅੰਜਲੀ ਸਿੰਘ ਨੂੰ ਸਿਰੋਪਾਏ ਅਤੇ ਸਨਮਾਨ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ। ਅੰਜਲੀ ਸਿੰਘ ਅੰਮ੍ਰਿਤਸਰ ਤੋਂ ਬਿਹਤਰ ਸੇਵਾਵਾਂ ਦੇਣ ਬਦਲੇ ਹੁਣ ਗੁਰੂ ਨਗਰੀ ਤਰਨਤਾਰਨ ਦੀ ਸੇਵਾ ਲਈ ਆਏ ਹਨ। ਅੰਜਲੀ ਸਿੰਘ ਨੇ ਕਿਹਾ ਕਿ ਉਹ ਬਹੁਤ ਖੁਸ਼ਨਸੀਬ ਹਨ ਕਿ ਉਨ੍ਹਾਂ ਨੂੰ ਗੁਰੂ ਨਗਰੀ ਤਰਨਤਾਰਨ ਵਿਖੇ ਸੇਵਾ ਕਰਨਾ ਦਾ ਮੌਕਾ ਮਿਲਿਆ ਹੈ। ਆਪਣੀ ਡਿਊਟੀ ਨੂੰ ਪੂਰੀ ਇਮਾਨਦਾਰੀ ਅਤੇ ਤਨਦੇਹੀ ਨਾਲ ਨਿਭਾਉਣਗੇ। ਉਨ੍ਹਾਂ ਕਿਹਾ ਕਿ ਬਿਨਾਂ ਕਿਸੇ ਕਾਰਨ ਵਪਾਰੀਆਂ ਨੂੰ ਕੋਈ ਤੰਗ ਨਹੀਂ ਕਰੇਗਾ। ਇਸ ਮੌਕੇ ਸਟੇਟ ਅਫਸਰ ਹੀਰਾ ਲਾਲ, ਸਟੇਟ ਅਫਸਰ ਮੈਡਮ ਰਜਨੀ, ਇੰਸਪੈਕਟਰ ਅੰਗਰੇਜ ਸਿੰਘ, ਹਰਪ੍ਰੀਤ ਸਿੰਘ, ਮਨਜੀਤ ਸਿੰਘ, ਰਮੇਸ਼ ਗੁਪਤਾ, ਸੁਮਿਤ ਸੋਂਧੀ, ਅਸ਼ੋਕ ਗੁਪਤਾ, ਗੁਰਵਿੰਦਰ ਸਿੰਘ, ਪ੍ਰਦੀਪ ਸ਼ਰਮਾ ਮੌਜਦ ਸਨ।

# ਨਸ਼ਿਆਂ ਖਿਲਾਫ ਭਾਕਿਯੂ (ਏਕਤਾ ਉਗਰਾਹਾਂ) ਵੱਲੋਂ ਲਾਮਬੰਦੀ ਦਾ ਸੱਦਾ

**ਝਬਾਲ (ਹਰਜਿੰਦਰ ਸਿੰਘ ਸੋਨੀ)**-ਨੌਸ਼ਹਿਰਾ ਪੰਨੂੰਆਂ ਬਲਾਕ ਦੇ ਪਿੰਡ ਮੁਗਲਚੱਕ ਵਿਖੇ ਬਲਾਕ ਪ੍ਰਧਾਨ ਕਸ਼ਮੀਰ ਸਿੰਘ ਠੱਠੀਆਂ, ਜਨਰਲ ਸਕੱਤਰ ਤਰਸੇਮ ਸਿੰਘ ਕੁਹਾੜਕਾ ਅਤੇ ਜਥੇਦਾਰ ਸੰਤੋਖ ਸਿੰਘ ਪੱਟੀ ਦੀ ਅਗਵਾਈ 'ਚ ਭਾਰਤੀ ਕਿਸਾਨ ਯੂਨੀਅਨ (ਏਕਤਾ-ਉਗਰਾਹਾਂ) ਵੱਲੋਂ ਨਸ਼ਿਆਂ ਵਿਰੁੱਧ ਚੱਲ ਰਹੀ ਮੁਹਿੰਮ ਤਹਿਤ ਮੀਟਿੰਗ ਕੀਤੀ ਗਈ ਜਿਸ ਵਿੱਚ ਜ਼ਿਲ੍ਹਾ ਪ੍ਰਧਾਨ ਗੁਰਬਾਜ ਸਿੰਘ ਦੇ ਨਿਰਦੇਸ਼ਾਂ ਅਨੁਸਾਰ ਜਥੇਬੰਦੀ ਦੇ ਜ਼ਿਲ੍ਹਾ ਸਲਾਹਕਾਰ ਮੇਹਰ ਸਿੰਘ ਸਖੀਰਾ, ਜ਼ਿਲ੍ਹਾ ਖਜਾਨਚੀ ਹਰਦੀਪ ਸਿੰਘ ਜੌੜਾ ਅਤੇ ਬਲਾਕ ਦੇ ਸਕੱਤਰ ਗੁਰਦਿਆਲ ਸਿੰਘ ਨੱਥੂਚੱਕ ਵਿਸ਼ੇਸ਼ ਤੌਰ 'ਤੇ ਪਹੁੰਚੇ ਅਤੇ ਮੀਟਿੰਗ ਨੂੰ ਸੰਬੋਧਨ ਕਰਦਿਆਂ ਨੌਸ਼ਹਿਰਾ ਬਲਾਕ ਦੇ ਖਜ਼ਾਨਚੀ ਸਰਬਜੀਤ ਸਿੰਘ ਨੱਥੂਚੱਕ ਨੇ ਕਿਹਾ ਕਿ ਨਸ਼ਿਆਂ ਦੇ ਇਸ ਕੋਹੜ ਦੀਆਂ ਜ਼ਿਮੇਵਾਰ ਤਾਕਤਾਂ ਵਿੱਚ ਕਾਰਪੋਰੇਟ ਉਤਪਾਦਕ ਕੰਪਨੀਆਂ, ਥੋਕ ਨਸ਼ਾ-ਵਪਾਰੀ ਅਤੇ ਉਨ੍ਹਾਂ ਉੱਤੇ ਸੁਰੱਖਿਆ ਛਤਰੀ ਤਾਨਣ ਵਾਲੇ ਪੁਲਸ ਤੇ ਪ੍ਰਸ਼ਾਸਨਿਕ ਅਧਿਕਾਰੀਆਂ ਸਮੇਤ ਸਿਆਸੀ ਆਗੂ ਹਨ। ਪ੍ਰਧਾਨ ਕਸ਼ਮੀਰ ਸਿੰਘ ਲੋਹਕਾ ਨੇ ਕਿਹਾ ਕਿ ਤਿਆਰੀ ਮੁਹਿੰਮ ਦੌਰਾਨ ਜ਼ਿਲ੍ਹੇ ਦੇ ਪਿੰਡਾਂ ਵਿੱਚ ਜਨਤਕ ਮੀਟਿੰਗਾਂ, ਰੈਲੀਆਂ, ਝੰਡਾ ਮਾਰਚ ਅਤੇ ਮੁਜ਼ਾਹਰੇ ਕੀਤੇ ਜਾਣਗੇ। ਇਸ ਦੌਰਾਨ ਔਰਤਾਂ ਅਤੇ ਮਰਦਾਂ ਦੀਆਂ ਵੋਟ-ਸਿਆਸਤ ਤੋਂ ਨਿਰਲੇਪ ਨਸ਼ਾ-ਵਿਰੋਧੀ ਕਮੇਟੀਆਂ ਜਥੇਬੰਦ ਕੀਤੀਆਂ ਜਾਣਗੀਆਂ। ਬਲਾਕ ਸਕੱਤਰ ਸੁਖਦੇਵ ਸਿੰਘ ਭੈਲ ਨੇ ਕਿਹਾ ਕਿ ਮੀਟਿੰਗ ਵਿੱਚ ਸਾਰੇ ਪਿੰਡਾਂ ਹੋਣ ਵਾਲੇ ਪ੍ਰੋਗਰਾਮਾਂ ਦੀਆਂ ਤਰੀਕਾਂ ਤਹਿਤ ਹੋ ਗਈਆਂ ਹਨ ਅਤੇ ਆਉਣ ਵਾਲੇ ਦਿਨਾਂ ਵਿੱਚ ਜੋਰਦਾਰ ਮੁਹਿੰਮ ਚੱਲੇਗੀ। ਇਸ ਮੀਟਿੰਗ ਵਿੱਚ ਪ੍ਰਧਾਨ ਨਿਸ਼ਾਨ ਸਿੰਘ ਮੁਗਲ ਚੱਕ, ਮਲਕਿੰਦਰ ਸਿੰਘ, ਅਮਰੀਕ ਸਿੰਘ, ਜਤਿੰਦਰ ਸਿੰਘ ਪੰਨੂ, ਰਸਾਲ ਸਿੰਘ, ਮੱਖਣ ਸਿੰਘ, ਮੁਖਤਿਆਰ ਸਿੰਘ, ਸੁਖਬੀਰ ਸਿੰਘ, ਬਿਕਰਮਜੀਤ ਸਿੰਘ, ਪ੍ਰਭ ਮੁਗਲਚੱਕ, ਰਣਧੀਰ ਸਿੰਘ, ਨਿਸ਼ਾਨ ਸਿੰਘ, ਵੀਰ ਸਿੰਘ, ਮੰਗਲ ਸਿੰਘ ਭੈਲ ਤੋਂ ਇਲਾਵਾ ਪਿੰਡਾਂ ਦੇ ਪ੍ਰਧਾਨ ਸਕੱਤਰ ਹਾਜ਼ਰ ਸਨ।

# ਆਸ਼ਾ ਵਰਕਰਾਂ ਆਨਲਾਈਨ ਕੰਮ ਤੋਂ ਹੱਥ ਖੜ੍ਹੇ ਕੀਤੇ

**ਪੱਟੀ, (ਬਲਦੇਵ ਸਿੰਘ ਸੰਧੂ/ਸਮਸੇਰ ਸਿੰਘ)**-ਆਨਲਾਈਨ ਕੰਮ ਨੂੰ ਲੈ ਕੇ ਆਲ ਇੰਡੀਆ ਆਸ਼ਾ ਫੈਸੀਲਿਟੇਟਰਜ਼ ਯੂਨੀਅਨ ਪੰਜਾਬ ਗਰੁੱਪ ਏਟਕ ਵੱਲੋ ਹੱਥ ਖੜੇ ਕੀਤੇ। ਜ਼ਿਲਾ ਪ੍ਰਧਾਨ ਮਨਜਿੰਦਰ ਕੌਰ ਦੀ ਅਗਵਾਈ ਹੇਠ ਐਸਐਮਓ ਘਰਿਆਲਾ ਨੂੰ ਮੰਗ ਪੱਤਰ ਸੌਂਪਿਆ ਗਿਆ। ਛੋਟੇ ਬੱਚਿਆ ਨੂੰ ਟੀਕਕਰਨ ਦਾ ਕੰਮ ਪਹਿਲਾ ਦੀ ਤਰ੍ਹਾਂ ਜਾਰੀ ਰਹੇਗਾ। ਆਸ਼ਾ ਵਰਕਰਾ ਵਰਕਰਾ ਵੱਲੋ ਐਸਐਮਓ ਅੰਮ੍ਰਿਤਪਾਲ ਸਿੰਘ ਨੂੰ ਮੰਗ ਪੱਤਰ ਸੋਪਣ ਸਮੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆ ਮਨਜਿੰਦਰ ਕੌਰ ਨੇ ਦੱਸਿਆ ਕਿ ਆਸ਼ਾਂ ਫੈਸੀਲਿਟੇਟਰਜ਼, ਸੁਪਰਵਾਈਜ਼ਰ ਵੱਲੋ ਆਨਲਾਈਨ ਕੰਮ ਦਾ ਪੂਰਨ ਰੂਪ ਵਿਚ ਬਾਈਕਾਟ ਕੀਤਾ ਗਿਆ। ਇਹ ਕੰਮ ਉਨ੍ਹਾਂ ਦੀ ਡਿਊਟੀ ਨਹੀਂ ਹੈ ਜਿਹੜੇ ਕੰਮ ਦੀ ਸਰਕਾਰ ਮਿਹਨਤਾਨਾ ਦਿੰਦੀ ਹੈ ਉਹ ਕੰਮ ਪਹਿਲਾਂ ਦੀ ਤਰ੍ਹਾਂ ਮਿਹਨਤ ਲਗਨ ਨਾਲ ਕਰਦੀਆਂ ਰਹਿਣਗੀਆਂ। ਕੋਈ ਆਸ਼ਾ ਵਰਕਰ ਤੇ ਸੁਪਰਵਾਈਜ਼ਰ ਆਨਲਾਈਨ ਕੰਮ ਨਹੀਂ ਕਰੇਗੀ। ਜੇਕਰ ਸਰਕਾਰ ਸਿਹਤ ਵਿਭਾਗ ਵੱਲੋਂ ਆਸ਼ਾ ਵਰਕਰਾਂ ਤੇ ਕਿਸੇ ਕਿਸਮ ਦਾ ਦਬਾਅ ਬਣਾਇਆ ਗਿਆ ਜਾਂ ਉਨ੍ਹਾਂ ਨੂੰ ਤੰਗ ਪ੍ਰੇਸ਼ਾਨ ਕੀਤਾ ਗਿਆ ਤਾਂ ਉਸਦੀ ਜ਼ੁੰਮੇਵਾਰੀ ਸਿਹਤ ਵਿਭਾਗ ਦੇ ਅਧਿਕਾਰੀ ਦੀ ਹੋਵੇਗੀ। ਇਸ ਮੌਕੇ ਬਲਾਕ ਪ੍ਰਧਾਨ ਹਰਜੀਤ ਕੌਰ, ਮੀਤ ਪ੍ਰਧਾਨ ਸਰਬਜੀਤ ਕੌਰ, ਵੀਰਪਾਲ ਕੌਰ ਭੁੱਗੂਪੁਰ ਸੈਕਟਰੀ, ਹਰਜਿੰਦਰ ਕੌਰ ਖਜਾਨਚੀ, ਗੁਰਪ੍ਰੀਤ ਕੌਰ, ਗੁਰਵਿੰਦਰ ਕੌਰ, ਅਮਨਦੀਪ ਕੌਰ ਸੀਤੋ ਮਹਿ ਝੁੱਗੀਆਂ, ਰਾਜਵਿੰਦਰ ਕੌਰ, ਰਾਜਬੀਰ ਕੌਰ ਬਰਵਾਲਾ, ਜਸਵਿੰਦਰ ਕੌਰ, ਸਰਬਜੀਤ ਕੌਰ ਆਦਿ ਹਾਜ਼ਰ ਸਨ।

# ਕੇਕ ਕੱਟ ਕੇ ਮਨਾਇਆ ਅਧਿਆਪਕ ਦਿਵਸ

**ਕਲਾਨੌਰ (ਮਨਦੀਪ ਕੁਮਾਰ)**-ਕਲਾਨੌਰ ਇਲਾਕੇ ਦੀ ਨਾਮਵਰ ਸੰਸਥਾ ਭਾਈ ਗੁਰਦਾਸ ਮਾਡਰਨ ਸੀਨੀਅਰ ਸੈਕੰਡਰੀ ਸਕੂਲ ਲੱਖਣ ਕਲਾਂ ਵਿੱਚ ਛੋਟਾ ਤੇ ਪ੍ਰਭਾਵਸ਼ਾਲੀ ਪ੍ਰੋਗਰਾਮ ਕਰਕੇ ਅਧਿਆਪਕ ਦਿਵਸ ਬੜੀ ਧੂਮਧਾਮ ਨਾਲ ਮਨਾਇਆ ਗਿਆ। ਇਹ ਪ੍ਰੋਗਰਾਮ ਸਕੂਲ ਦੇ ਮੈਨੇਜਿੰਗ ਡਾਇਰੈਕਟਰ ਬਲਬੀਰ ਸਿੰਘ ਕਾਹਲੋਂ ਅਤੇ ਪ੍ਰਿੰਸੀਪਲ ਮੈਡਮ ਬਲਜਿੰਦਰ ਕੌਰ ਕਾਹਲੋਂ ਦੀ ਦੇਖ ਰੇਖ ਹੇਠ ਮਨਾਇਆ ਗਿਆ। ਇਸ ਅਧਿਆਪਕ ਦਿਵਸ ਦੇ ਮੌਕੇ ਪ੍ਰਿੰ. ਬਲਜਿੰਦਰ ਕੌਰ ਵੱਲੋਂ ਅਧਿਆਪਕਾਂ ਨੂੰ ਨਾਲ ਲੈ ਕੇ ਕੇਕ ਕੱਟਿਆ ਗਿਆ। ਬੱਚਿਆਂ ਵੱਲੋਂ ਵੀ ਅਧਿਆਪਕਾਂ ਦੇ ਸਨਮਾਨ ਵਿੱਚ ਹਰ ਇੱਕ ਕਲਾਸ ਰੂਮ ਵਿੱਚ ਕੇਕ ਕੱਟ ਕੇ ਅਧਿਆਪਕਾਂ ਦਾ ਸਨਮਾਨ ਕੀਤਾ ਗਿਆ ਇਸ ਮੌਕੇ ਤੇ ਬੱਚਿਆਂ ਵੱਲੋਂ ਕਵਿਤਾਵਾਂ, ਗੀਤ, ਕੋਰੀਓਗ੍ਰਾਫੀ ਕੀਤੀ ਗਈ ਅਤੇ ਆਪਣੇ ਆਪਣੇ ਅਧਿਆਪਕਾਂ ਦੀਆਂ ਨਕਲਾਂ ਵੀ ਉਤਾਰੀਆਂ ਗਈਆਂ ਇਸ ਮੌਕੇ ਤੇ ਪ੍ਰਿੰਸੀਪਲ ਮੈਡਮ ਬਲਜਿੰਦਰ ਕੌਰ ਨੇ ਕਿਹਾ ਕਿ ਸਾਬਕਾ ਰਾਸਟਰਪਤੀ ਸਰਵਪੱਲੀ ਡਾ: ਰਾਧਾਕ੍ਰਿਸ਼ਨਨ ਆਪਣੇ ਜਨਮ ਦਿਨ ਨੂੰ ਅਧਿਆਪਕ ਦਿਵਸ ਵਜੋਂ ਮਨਾਉਂਦੇ ਸਨ, ਇੰਨੇ ਉੱਚੇ ਅਹੁਦੇ 'ਤੇ ਰਹਿਣ ਦੇ ਬਾਵਜੂਦ ਵੀ ਉਨ੍ਹਾਂ ਦੇ ਦਿਲ ਵਿੱਚ ਅਧਿਆਪਕਾਂ ਲਈ ਬਹੁਤ ਸਤਿਕਾਰ ਸੀ। ਇਸ ਮੌਕੇ ਹੋਰਨਾਂ ਅਧਿਆਪਕ ਸ਼ਿਵਪਾਲ ਸਿੰਘ, ਰਜਿੰਦਰ ਸਿੰਘ, ਮਨਜਿੰਦਰ ਪਾਲ ਸਿੰਘ, ਐਸ ਪੀ ਸਿੰਘ, ਸਤਨਾਮ ਸਿੰਘ, ਮੈਡਮ ਹਰਜੀਤ ਕੌਰ, ਕਿਰਨਦੀਪ ਕੌਰ, ਪਰਮਜੀਤ ਕੌਰ, ਰਮਨਜੀਤ ਕੌਰ, ਬਲਜੀਤ ਕੌਰ, ਰੁਪਿੰਦਰ ਕੌਰ ਜਗਬੀਤ ਕੌਰ, ਸੁਖਜੀਤ ਕੌਰ, ਕੁਲਬੀਰ ਕੌਰ, ਪ੍ਰਿਆ, ਹਰਪ੍ਰੀਤ ਕੌਰ, ਨਵਦੀਪ ਕੌਰ ਆਦਿ ਵੀ ਹਾਜ਼ਰ ਸਨ।

# ਅਮਰ ਸ਼ਹੀਦ ਬਾਬਾ ਜੀਵਨ ਸਿੰਘ ਦਾ ਜੀਵਨ ਸਮੁੱਚੀ ਕੌਮ ਲਈ ਪ੍ਰੇਰਣਾ ਦਾ ਸਰੋਤ : ਈ ਟੀ ਓ

**ਜੰਡਿਆਲਾ ਗੁਰੂ (ਹਰਿੰਦਰ ਪਾਲ ਸਿੰਘ)**-ਰੰਗਰੇਟੇ ਗੁਰੂ ਕੇ ਬੇਟੇ ਦਾ ਵਰਦਾਨ ਦਸਵੇਂ ਪਾਤਿਸਾਹ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤੋਂ ਪ੍ਰਾਪਤ ਕਰਨ ਵਾਲੇ ਅਮਰ ਸਹੀਦ ਬਾਬਾ ਜੀਵਨ ਸਿੰਘ ਦਾ ਕੁਰਬਾਨੀ, ਤਿਆਗ ਅਤੇ ਪਿਆਰ ਵਾਲਾ ਜੀਵਨ ਸਮੁੱਚੀ ਕੌਮ ਲਈ ਹਮੇਸ਼ਾ ਪ੍ਰੇਰਨਾ ਦਾ ਸਰੋਤ ਬਣਿਆ ਰਹੇਗਾ ਅਤੇ ਸਹੀਦ ਸਦਾ ਕੌਮ ਨੂੰ ਅਗਵਾਈ ਤੇ ਸੇਧ ਦਿੰਦੇ ਰਹਿਣਗੇ। ਉਕਤ ਸ਼ਬਦਾਂ

ਦਾ ਪ੍ਰਗਟਾਵਾ ਕੈਬਨਿਟ ਮੰਤਰੀ ਹਰਭਜਨ ਸਿੰਘ ਈ ਟੀ ਓ ਨੇ ਸਹੀਦ ਬਾਬਾ ਜੀਵਨ ਸਿੰਘ ਦੇ 362ਵੇਂ ਪ੍ਰਕਾਸ ਦਿਹਾੜੇ ਮੌਕੇ ਸੰਗਤਾਂ ਨੂੰ ਵਧਾਈ ਦਿੰਦੇ ਕੀਤਾ। ਕੈਬਨਿਟ ਮੰਤਰੀ ਇਸ ਪਵਿੱਤਰ ਮੌਕੇ ਜੰਡਿਆਲ

7-Sep-PAGE-4.qxd 9/6/2023 8:18 PM Page 1

ਨਵਾਂ ਜ਼ਮਾਨਾ
ਵੀਰਵਾਰ, 7 ਸਤੰਬਰ 2023

# ਸਨਾਤਨੀਓ ਤੜਫੋ ਨਾ, ਖ਼ੁਦ ਨੂੰ ਬਦਲੋ

*ਤਾਮਿਲਨਾਡੂ ਦੇ ਮੁੱਖ ਮੰਤਰੀ ਐੱਮ ਕੇ ਸਟਾਲਿਨ ਦੇ ਬੇਟੇ ਉਦੈਨਿਧੀ ਸਟਾਲਿਨ ਵੱਲੋਂ ਸਨਾਤਨ ਧਰਮ ਬਾਰੇ ਦਿੱਤੇ ਬਿਆਨ ਤੋਂ ਹਿੰਦੂਤਵੀ ਤਾਕਤਾਂ ਬੁਖਲਾ ਗਈਆਂ ਹਨ। ਅਖੌਤੀ ਸਾਧ ਉਸ ਦੇ ਸਿਰ ਦਾ ਮੁੱਲ ਤੈਅ ਕਰ ਰਹੇ ਹਨ ਤੇ ਹੇਠਲੇ ਹਿੰਦੂਤਵੀਆਂ ਨੇ ਉਸ ਵਿਰੁੱਧ ਕੇਸ ਦਰਜ ਕਰਾਉਣ ਦੀ ਝੜੀ ਲਾ ਦਿੱਤੀ ਹੈ।*

*ਡੀ ਐੱਮ ਕੇ ਆਗੂ ਤੇ ਤਾਮਿਲਨਾਡੂ ਦੇ ਯੁਵਾ ਕਲਿਆਣ ਮੰਤਰੀ ਉਦੈਨਿਧੀ ਸਟਾਲਿਨ ਨੇ ਪ੍ਰੋਗਰੈਸਿਵ ਰਾਈਟਰਜ਼ ਐਂਡ ਆਰਟਿਸਟ ਐਸੋਸੀਏਸ਼ਨ ਦੀ 2 ਸਤੰਬਰ ਨੂੰ ਹੋਈ ਇੱਕ ਬੈਠਕ ਨੂੰ ਸੰਬੋਧਨ ਕਰਦਿਆਂ ਕਿਹਾ ਸੀ ਕਿ ਸਨਾਤਨ ਧਰਮ ਸਮਾਜਕ ਨਿਆਂ ਦੇ ਵਿਰੁੱਧ ਹੈ, ਇਸ ਲਈ ਇਸ ਨੂੰ ਖ਼ਤਮ ਕਰ ਦੇਣਾ ਚਾਹੀਦਾ ਹੈ। ਉਨ੍ਹਾ ਕਿਹਾ, 'ਸਨਾਤਨ ਦਾ ਮਤਲਬ ਹੈ ਸ਼ਾਸ਼ਵਤ, ਅਰਥਾਤ ਜਿਸ ਨੂੰ ਬਦਲਿਆ ਨਹੀਂ ਜਾ ਸਕਦਾ। ਜਿਵੇਂ ਮੱਛਰ, ਡੇਂਗੂ, ਮਲੇਰੀਆ ਤੇ ਕੋਰੋਨਾ ਅਜਿਹੀਆਂ ਚੀਜ਼ਾਂ ਹਨ, ਜਿਨ੍ਹਾਂ ਦਾ ਵਿਰੋਧ ਨਹੀਂ, ਉਨ੍ਹਾਂ ਨੂੰ ਖ਼ਤਮ ਕਰਨਾ ਜ਼ਰੂਰੀ ਹੁੰਦਾ ਹੈ। ਸਨਾਤਨ ਧਰਮ ਨੇ ਲੋਕਾਂ ਨੂੰ ਜਾਤਾਂ ਵਿੱਚ ਵੰਡਿਆ ਹੈ, ਇਸ ਲਈ ਇਸ ਨੂੰ ਖ਼ਤਮ ਕਰ ਦੇਣਾ ਚਾਹੀਦਾ ਹੈ।'*

*'ਇੰਡੀਆ' ਗੱਠਜੋੜ ਦੀਆਂ ਸਫ਼ਲ ਮੀਟਿੰਗਾਂ ਤੋਂ ਘਬਰਾਈ ਭਾਜਪਾ ਦੇ ਤਾਂ ਇਸ ਬਿਆਨ ਨਾਲ ਸਾਹ ਵਿੱਚ ਸਾਹ ਆ ਗਿਆ। ਭਾਜਪਾ ਆਗੂ ਤਾਂ ਹਮੇਸ਼ਾ ਅਜਿਹਾ ਮੁੱਦਾ ਲੱਭਦੇ ਰਹਿੰਦੇ ਹਨ, ਜਿਸ ਨੂੰ ਹਵਾ ਦੇ ਕੇ ਹਿੰਦੂਆਂ ਨੂੰ ਗੋਲਬੰਦ ਕੀਤਾ ਜਾ ਸਕੇ। ਉਦੈਨਿਧੀ ਦੇ ਇਸ ਬਿਆਨ ਤੋਂ ਬਾਅਦ ਪਰਮਹੰਸ ਅਚਾਰੀਆ ਨਾਂਅ ਦੇ ਸਾਧ ਨੇ ਇਹ ਐਲਾਨ ਕਰ ਦਿੱਤਾ ਕਿ ਜਿਹੜਾ ਵੀ ਸਨਾਤਨੀ ਉਦੈਨਿਧੀ ਦਾ ਸਿਰ ਕਲਮ ਕਰਕੇ ਲਿਆਵੇਗਾ, ਉਹ ਉਸ ਨੂੰ 10 ਕਰੋੜ ਰੁਪਏ ਦੇਣਗੇ।*

*ਇਹ ਉਹੀ ਪਰਮਹੰਸ ਅਚਾਰੀਆ ਹੈ, ਜਿਸ ਨੇ ਭਾਰਤ ਨੂੰ ਹਿੰਦੂ ਰਾਸ਼ਟਰ ਬਣਾਏ ਜਾਣ ਦੀ ਮੰਗ ਨੂੰ ਲੈ ਕੇ ਆਤਮਦਾਹ ਕਰਨ ਲਈ ਆਪਣੀ ਤਪੱਸਵੀ ਛਾਉਣੀ ਵਿੱਚ ਚਿਤਾ ਜਲਾ ਲਈ ਸੀ, ਪਰ ਅੱਜ ਤੱਕ ਉਸ ਨੇ ਆਤਮਦਾਹ ਨਹੀਂ ਕੀਤਾ। ਇਸ ਉਪਰੰਤ ਉਸ ਨੇ ਜਲ ਸਮਾਧੀ ਲੈਣ ਦਾ ਐਲਾਨ ਕਰ ਦਿੱਤਾ, ਪਰ ਅੱਜ ਤੱਕ ਉਹ ਪਾਣੀ ਵਿੱਚ ਵੜਿਆ ਤੱਕ ਨਹੀਂ। ਉਸ ਨੇ ਫਿਲਮ ਐਕਟਰ ਸ਼ਾਹਰੁਖ ਖਾਨ ਨੂੰ ਜ਼ਿੰਦਾ ਸਾੜ ਦੇਣ ਵਾਲੇ ਨੂੰ ਵੀ ਇਨਾਮ ਦੇਣ ਦਾ ਐਲਾਨ ਕੀਤਾ ਸੀ, ਪਰ ਉਸ ਦੇ ਕਹੇ ਕੋਈ ਸਨਾਤਨੀ ਨਿੱਤਰਿਆ ਹੀ ਨਹੀਂ।*

*ਭਾਜਪਾ ਨੂੰ ਸਮਝ ਲੈਣਾ ਚਾਹੀਦਾ ਹੈ ਕਿ ਫਿਰਕਾਪ੍ਰਸਤੀ ਦੀ ਖੇਡ ਇੱਕ ਦਿਨ ਉਸ ਨੂੰ ਸਮਾਪਤ ਕਰ ਦੇਵੇਗੀ। ਸਨਾਤਨ ਧਰਮ ਅਸਲ ਵਿੱਚ ਮੁੱਠੀ-ਭਰ ਸਵਰਨ ਜਾਤੀਆਂ ਲਈ ਸੱਤਾ ਉੱਤੇ ਪਕੜ ਬਣਾਈ ਰੱਖਣ ਦਾ ਇੱਕ ਹਥਿਆਰ ਹੈ। ਜਦੋਂ ਬਹੁ-ਗਿਣਤੀ ਹਿੰਦੂਆਂ ਨੂੰ ਇਹ ਗੱਲ ਸਮਝ ਪੈ ਜਾਵੇਗੀ ਤਾਂ ਅਜੋਕੀ ਹਾਕਮ ਜਮਾਤ ਦਾ ਇਹ ਆਖਰੀ ਦਿਨ ਹੋਵੇਗਾ।*

*ਉਦੈਨਿਧੀ ਨੇ ਕੋਈ ਵੱਖਰੀ ਗੱਲ ਨਹੀਂ ਕੀਤੀ, ਉਸ ਨੇ ਉਹੀ ਕਿਹਾ, ਜੋ ਪੇਰੀਅਰ, ਅੰਬੇਡਕਰ ਤੇ ਉਸ ਤੋਂ ਪਹਿਲਾਂ ਭਗਤੀ ਲਹਿਰ ਦੇ ਸੰਤ ਕਹਿੰਦੇ ਰਹੇ ਹਨ। ਪੇਰੀਅਰ ਨੇ ਤਾਂ ਇੱਥੋਂ ਤੱਕ ਕਿਹਾ ਸੀ, 'ਬ੍ਰਾਹਮਣਵਾਦ ਸੱਪ ਤੋਂ ਜ਼ਹਿਰੀਲਾ ਤੇ ਖ਼ਤਰਨਾਕ ਹੈ, ਕਿਉਂਕਿ ਸੱਪ ਦਾ ਜ਼ਹਿਰ ਤਾ ਇੱਕ ਆਦਮੀ ਨੂੰ ਮਾਰਦਾ ਹੈ, ਪ੍ਰੰਤੂ ਬ੍ਰਾਹਮਣਵਾਦ ਦਾ ਜ਼ਹਿਰ ਵਰਤਮਾਨ ਪੀੜ੍ਹੀ ਦੇ ਨਾਲ-ਨਾਲ ਭਵਿੱਖੀ ਪੀੜ੍ਹੀਆਂ ਨੂੰ ਵੀ ਮਾਰ ਦਿੰਦਾ ਹੈ।' ਅੰਬੇਡਕਰ ਨੇ ਕਿਹਾ ਸੀ, 'ਹਿੰਦੂ ਧਰਮ ਇੱਕ ਅਜਿਹੀ ਰਾਜਨੀਤਕ ਵਿਚਾਰਧਾਰਾ ਹੈ, ਜੋ ਲੋਕਤੰਤਰ ਵਿਰੋਧੀ ਹੈ ਤੇ ਜਿਸ ਦਾ ਚਰਿੱਤਰ ਫਾਸ਼ੀਵਾਦੀ ਤੇ ਨਾਜ਼ੀ ਵਿਚਾਰਧਾਰਾ ਵਰਗਾ ਹੈ।'*

*ਭਗਤੀ ਲਹਿਰ ਦੇ ਸੰਤਾਂ, ਪੇਰੀਅਰ ਤੇ ਅੰਬੇਡਕਰ ਵਰਗੇ ਆਗੂਆਂ ਨੇ ਸਨਾਤਨ ਧਰਮ ਦੇ ਪਾਖੰਡ ਨੂੰ ਖੁੱਲ੍ਹੇਆਮ ਚੈਲੰਜ ਕਰਕੇ ਤਾਰ-ਤਾਰ ਕਰ ਦਿੱਤਾ ਸੀ। ਸਿੱਖ ਧਰਮ ਦੀ ਤਾਂ ਸਥਾਪਨਾ ਹੀ ਸਨਾਤਨ ਧਰਮ ਦੇ ਪਾਖੰਡਵਾਦ ਦੇ ਵਿਰੋਧ ਵਿੱਚ ਹੋਈ ਸੀ। ਸਨਾਤਨ ਧਰਮ ਵਿੱਚ ਫੈਲੀ ਜਾਤਵਾਦੀ ਜ਼ਹਿਰ ਤੇ ਸਮਾਜਕ ਅਸਮਾਨਤਾ ਕਾਰਨ ਅੱਜ ਕਰੋੜਾਂ ਹਿੰਦੂ ਈਸਾਈ ਧਰਮ ਅਪਣਾ ਚੁੱਕੇ ਹਨ।*

*ਅਸੀਂ ਜਿਸ ਯੁੱਗ ਵਿੱਚ ਰਹਿ ਰਹੇ ਹਾਂ, ਉਹ ਵਿਗਿਆਨ ਤੇ ਤਰਕ ਦਾ ਯੁੱਗ ਹੈ। ਵਿਗਿਆਨ ਤੇ ਤਰਕ ਨੇ ਅੱਜ ਅੰਧ-ਵਿਸ਼ਵਾਸਾਂ ਦੀਆਂ ਜੜ੍ਹਾਂ ਖੋਖਲੀਆਂ ਕਰ ਦਿੱਤੀਆਂ ਹਨ, ਜੋ ਸਨਾਤਨ ਧਰਮ ਦਾ ਮੂਲ ਅਧਾਰ ਹਨ। ਧਰਮ ਨਾਲ ਜੁੜੇ ਮਹੰਤਾਂ ਨੂੰ ਇਹ ਯਾਦ ਰੱਖਣਾ ਚਾਹੀਦਾ ਹੈ ਕਿ ਜੋ ਸਮੇਂ ਅਨੁਸਾਰ ਆਪਣੇ ਆਪ ਨੂੰ ਨਹੀਂ ਬਦਲਦਾ, ਸਮਾਂ ਉਸ ਦਾ ਸਰਵਨਾਸ਼ ਕਰ ਦਿੰਦਾ ਹੈ।*

*ਸਨਾਤਨ ਧਰਮ ਦੇ ਅਲੰਬਰਦਾਰਾਂ ਨੂੰ ਚਾਹੀਦਾ ਤਾਂ ਇਹ ਸੀ ਕਿ ਸਮੇਂ ਦੇ ਨਾਲ ਸਨਾਤਨ ਧਰਮ ਦੀਆਂ ਕੁਰੀਤੀਆਂ ਤੇ ਗੈਰ-ਮਨੁੱਖੀ ਪ੍ਰਭਾਵਾਂ ਨੂੰ ਤਿਲਾਂਜਲੀ ਦੇ ਦਿੰਦੇ, ਪਰ ਉਹ ਤਾਂ ਘੁਮੰਡ ਦੇ ਘੋੜੇ ਚੜ੍ਹੇ ਹੋਏ ਮਨੂੰ ਸ੍ਰਿਮਤੀ ਵਰਗੀ ਲਾਹਨਤੀ ਪੁਸਤਕ ਨੂੰ ਵੀ ਸਨਤਨ ਧਰਮ ਦਾ ਮਹਾਨ ਗਰੰਥ ਕਹਿ ਰਹੇ ਹਨ। ਹਾਲੇ ਵੀ ਸਮਾਂ ਹੈ ਕਿ ਸਨਾਤਨ ਧਰਮੀਏ ਆਪਣੇ ਅੰਦਰ ਝਾਤੀ ਮਾਰਨ, ਆਪਣੇ ਅੰਦਰ ਲਚਕ ਪੈਦਾ ਕਰਨ ਤੇ ਆਸਥਾ ਦੇ ਨਾਲ ਤਰਕ ਨੂੰ ਵੀ ਥਾਂ ਦੇਣ। ਕੁਝ ਸਮਾਂ ਹੋਰ ਜ਼ਿੰਦਾ ਰਹਿਣਾ ਹੈ ਤਾਂ ਇਹੋ ਰਾਹ ਹੈ, ਵਰਨਾ ਸਿਰਫ਼ ਪੁਜਾਰੀ ਰਹਿ ਜਾਣਗੇ ਤੇ ਜਜਮਾਨ ਛੂਮੰਤਰ ਹੋ ਜਾਣਗੇ।*

**-ਚੰਦ ਫਤਿਹਪੁਰੀ**

# ਚਿੱਟੇ ਦੇ ਚੱਟੇ ਪਰਵਾਰ ਕਦੋਂ ਹੋਣਗੇ ਹਰੇ

**ਸੂਬੇਦਾਰ ਜਸਵਿੰਦਰ ਸਿੰਘ ਭੁਲੇਰੀਆ**

ਸਰਕਾਰੀ ਅੰਕੜਿਆਂ ਮੁਤਾਬਿਕ ਪਿਛਲੇ ਮਹੀਨੇ ਵਿੱਚ 200 ਕਿੱਲੋ ਤੋਂ ਵੱਧ ਹੈਰੋਇਨ ਫੜੀ ਗਈ ਹੈ। ਇਹ ਤਾਂ ਉਹ ਅੰਕੜੇ ਹਨ, ਜਿਹੜੇ ਜੱਗ ਜ਼ਾਹਿਰ ਹੋਏ ਹਨ। ਜਿਹੜੀਆਂ ਖੇਪਾਂ ਅੰਦਰਖਾਤੇ ਚੋਰੀ ਛੱਪੀ ਲੰਘ ਗਈਆਂ ਹੋਣਗੀਆਂ। ਉਹਨਾਂ ਅੰਕੜਿਆਂ ਦਾ ਅੰਦਾਜ਼ਾ ਲਾਉਣਾ ਬਹੁਤ ਹੀ ਮੁਸ਼ਕਿਲ ਹੈ। ਜਿਵੇਂ ਸਿਆਣੇ ਕਹਿੰਦੇ ਹਨ ਕਿ ਤਾੜੀ ਇੱਕ ਹੱਥ ਨਾਲ ਨਹੀਂ ਵੱਜਦੀ। ਉਹੀ ਗੱਲ ਇਥੇ ਢੁਕਦੀ ਹੈ ਕਿ ਜਿਸ ਮੁਲਕ ਕੋਲ ਖਾਣ ਲਈ ਆਟਾ-ਦਾਣਾ ਨਹੀ। ਉਹ ਫਿਰ ਕਿਵੇਂ ਅਰਬਾਂ-ਖਰਬਾਂ ਦੀ ਹੈਰੋਇਨ ਸਾਡੇ ਵਾਲੇ ਪਾਸੇ ਭੇਜ ਰਿਹਾ ਹੈ। ਇਹ ਵੀ ਇੱਕ ਗੰਭੀਰ ਸੋਚਣ ਦਾ ਵਿਸ਼ਾ ਬਣ ਗਿਆ ਹੈ। ਸਾਡੇ ਪੰਜਾਬ ਵਿੱਚ ਅੱਜ ਵੀ ਸਾਰੇ ਆਮ ਧੜਾਧੜ ਚਿੱਟਾ ਵਿਕ ਰਿਹਾ ਹੈ। ਪੀਣ ਵਾਲਿਆਂ ਨੂੰ ਕੋਈ ਨਾਂਹ ਨਹੀਂ। ਇੱਕ ਪਲ ਝਲਕਦੇ ਹੀ ਪੁੜੀਆਂ ਲੈ ਆਉਂਦੇ ਹਨ। ਸ਼ਰੇਆਮ ਟੀਕੇ ਲਾਉਣ ਦੀ ਕਵਾਇਦ ਨੂੰ ਜਾਰੀ ਰੱਖਿਆ ਹੋਇਆ ਹੈ। ਹੁਣ ਇਹ ਕਿਉਂ ਨਹੀਂ ਰੁਕ ਰਿਹਾ, ਜੇਕਰ ਇਸ ਦੀ ਗੱਲ ਕਰੀਏ। ਕਿਉਂਕਿ ਪੀਣ ਵਾਲੇ ਬਹੁਤੇ ਤਾਂ ਮਾਪਿਆਂ ਦੀ ਇਕਲੌਤੀ ਹੀ ਉਲਾਦ ਹੀ ਹਨ, ਜਿਸ ਕਰਕੇ ਉਹ ਮਾਪਿਆਂ ਦੀ ਭਲੇਮਾਣਸੀ ਦਾ ਫਾਇਦਾ ਉਠਾ ਰਹੇ ਹਨ। ਜੇਕਰ ਮਾਪੇ ਝਿੜਕਦੇ ਹਨ ਤਾਂ ਉਹ ਮੌਤ ਨੂੰ ਗਲੇ ਲਗਾਉਣ ਦੀ ਧਮਕੀ ਦੇ ਦਿੰਦੇ ਹਨ। ਜੇ ਨਹੀਂ ਝਿੜਕਦੇ, ਫਿਰ ਉਹ ਘਰ ਨੂੰ ਬਰਬਾਦੀ ਦੀਆਂ ਬਰੂਹਾਂ 'ਤੇ ਲੈ ਕੇ ਆ ਰਹੇ ਹਨ। ਹੁਣ ਤਾਂ ਮੁਕਾਬਲਾ ਹੀ ਚੱਲ ਰਿਹਾ ਹੈ ਕਿ ਕੁੜੀਆਂ ਇਸ ਦੀ ਰੇਸ ਵਿੱਚ ਅਗੇ ਲੰਘਦੀਆਂ ਹਨ ਜਾਂ ਫਿਰ ਮੁੰਡੇ। ਚਿੱਟੇ ਨੇ 15 ਸਾਲ ਤੋਂ ਲੈ ਕੇ 25-30 ਸਾਲ ਦੇ ਨੌਜਵਾਨਾਂ ਨੂੰ ਹੀ ਸ਼ਿਕਾਰ ਬਣਾਇਆ ਹੈ ਨਾ ਤਾਂ ਨਿਆਣੇ ਇਸ ਦੇ ਘੇਰੇ ਵਿੱਚ ਆਏ ਹਨ ਤੇ ਨਾ ਹੀ ਸਿਆਣੇ, ਇਹੋ ਹੀ ਅੱਲੜ੍ਹ ਉਮਰ ਹੁੰਦੀ ਹੈ ਮੈਨੂੰ ਅੱਜ ਵੀ ਮੁਹੰਮਦ ਸਦੀਕ ਦੇ ਗਾਣੇ ਦੇ ਬੋਲ ਕੰਨਾਂ ਵਿੱਚ ਗੋਲੀ ਵਾਂਗੂ ਵੱਜਦੇ ਸੁਣਦੇ ਹਨ "ਅਸੀਂ ਅੱਲੜ੍ਹ ਪੁਣੇ ਵਿੱਚ ਲਾ ਕੇ ਐਵੇ ਸਾਰੀ ਉਮਰ ਗੁਆ ਬੈਠੇ "ਇੱਕ ਗੱਲ ਤਾਂ ਜ਼ਰੂਰ ਹੈ, ਉਹ ਇਹ ਹੈ ਕਿ ਜਿਹੜੇ ਤਾਂ ਚਿੱਟੇ ਦੇ ਆਦੀ ਹੋ ਗਏ ਹਨ ਉਹਨਾਂ ਨੂੰ ਤਾਂ ਚਿੱਟੇ ਤੋਂ ਹਟਾਉਣਾ ਬਹੁਤ ਹੀ ਮੁਸ਼ਕਿਲ ਹੈ, ਪਰ ਹੁਣ ਸਾਨੂੰ ਆਪਣੀ ਅਗਲੀ ਪੀੜ੍ਹੀ ਨੂੰ ਬਚਾਉਣ ਦੀ ਸਖਤ ਜ਼ਰੂਰਤ ਹੈ। ਆਪਣੇ ਬੱਚਿਆਂ ਦੇ ਦੋਸਤਾਂ ਉਤੇ ਨਿਗ੍ਹਾ ਤੇ ਨਿਗਰਾਨੀ ਰੱਖਣੀ ਸਾਡੀ ਮੁੱਖ ਲੋੜ ਹੈ। ਸਰਕਾਰਾਂ ਨੇ ਕੁਝ ਨਹੀਂ ਕਰਨਾ, ਉਹ ਤਾਂ ਪੰਜ ਸਾਲ ਲਗਾਉਣ ਦੀਆਂ ਜ਼ਿੰਮੇਵਾਰ ਹੁੰਦੀਆਂ ਹਨ। ਫਿਰ ਅਗਲੇ ਸਮੇਂ ਅਗਲੀ ਸਰਕਾਰ ਆ ਕੇ ਵੇਖ ਲਓ ਮੈ ਤਾਂ ਇਹੋ ਹੀ ਕਹਿੰਦਾ ਹਾਂ ਕਿ ਹੁਣ ਸਾਨੂੰ ਬਹੁਤੀ ਕਮਾਈ ਕਰਨ ਦੀ ਜ਼ਰੂਰਤ ਨਹੀਂ ਜਿਹੜੀ ਕਮਾਈ ਕੀਤੀ ਹੈ, ਉਸ ਨੂੰ ਸੰਭਾਲ ਲਈਏ, ਇੰਨਾ ਹੀ ਬਥੇਰਾ ਹੈ ਅੱਗਾ ਦੌੜ ਤੇ ਪਿੱਛਾ ਚੌੜ ਵਾਲੀ ਗੱਲ ਨਾ ਹੋਵੇ। ਤੁਸੀਂ ਆਪਣੇ ਹੀ ਸੱਜੇ-ਖੱਬੇ ਨਜ਼ਰ ਮਾਰ ਕੇ ਵੇਖ ਲਓ ਜਿਹਨਾਂ ਘਰਾਂ ਪਰਵਾਰਾਂ ਉਤੇ ਚਿੱਟੇ ਦਾ ਕਾਲਾ ਪਰਛਾਵਾਂ ਪੈ ਗਿਆ ਹੈ। ਉਹਨਾਂ ਘਰਾਂ ਪਰਵਾਰਾਂ ਦੀ ਕੀ ਹਾਲਤ ਹੋ ਗਈ ਹੈ। ਘਰ ਖੰਡਰ ਹੋ ਗਏ ਹਨ ਜੀਅ ਨਾਲ ਜੀਅ ਨਹੀਂ ਰਿਹਾ ਕਈ ਮੌਤ ਨੂੰ ਗਲੇ ਲਗਾ ਚੁਕੇ ਹਨ ਤੇ ਕਈ ਮੌਤ ਦੀ ਇੰਤਜ਼ਾਰ ਕਰ ਰਹੇ ਹਨ। ਸਰਿੰਜ਼ਾਂ ਲੈ ਕੇ ਤੁਰਦੀਆਂ-ਫਿਰਦੀਆਂ ਲਾਸ਼ਾਂ ਆਮ ਹੀ ਨਜ਼ਰ ਆਉਂਦੀਆਂ ਹਨ। ਨਸ਼ੇ ਦੇ ਸੁਦਾਗਰਾਂ ਨੂੰ ਸਖਤ ਤੋਂ ਸਖਤ ਸਜ਼ਾਵਾਂ ਮਿਲਣੀਆਂ ਚਾਹੀਦੀਆਂ ਹਨ। ਉਸ ਦਿਨ ਦੀ ਉਡੀਕ ਕਰ ਰਹੀਆਂ ਮਾਵਾਂ ਆਪ ਸੰਸਾਰ ਨੂੰ ਅਲਵਿਦਾ ਕਹਿੰਦੀਆਂ ਜਾ ਰਹੀਆਂ ਹਨ ਜਿਹੜੀਆਂ ਸੋਚਦੀਆਂ ਸਨ ਕਿ ਇਕ ਦਿਨ ਪੰਜਾਬ ਚਿੱਟਾ ਮੁਕਤ ਹੋ ਜਾਵੇਗਾ। ਪਰ ਕਿਵੇਂ ਤੇ ਕਦੋਂ, ਉਸ ਦਿਨ ਦੀ ਇੰਤਜ਼ਾਰ ਕਰਦੇ ਹੋਏ ਸਮੈਕੀਆਂ ਦੇ ਮਾਪੇ ਮੂੰਹ ਚੁੱਕ-ਚੁੱਕ ਵੇਖ ਰਹੇ ਹਨ ਕਿ ਸ਼ਾਇਦ ਕੋਈ ਚਮਤਕਾਰ ਹੋ ਹੀ ਜਾਵੇ ਪਰ ਜੋ ਹੋ ਨਹੀਂ ਰਿਹਾ ਦੁਨੀਆ ਵਾਲਿਓ।

# ਸੰਪਰਕ : 75891-55501

## ਦੇਸ ਰਾਜ ਕਾਲੀ ਨੂੰ ਯਾਦ ਕਰਦਿਆਂ

# ਨਾਥ ਚੌਰੇ ਵਾਲਾ ਜੋਗੀ

**ਤਸਕੀਨ**

ਨਾਥਾਂ ਦਾ ਅਗਨ ਕੁੰਡ ਠੰਢਾ ਪਿਆ ਹੈ। 'ਨਾਥ ਚੌਰਾ' ਰੋਡੇ ਨਾਥ ਦੀ ਉਡੀਕ 'ਚ ਬਿਹਬਲ ਹੈ। ਨਾਥ ਜੋ ਹੁਣ ਭੌਤਿਕ ਸੰਸਾਰ 'ਚ ਵਿਲੀਨ ਹੋ ਚੁੱਕਾ ਹੈ। ਨਾਥਾਂ ਨੂੰ ਯਕੀਨ ਨਹੀਂ ਹੋ ਰਿਹਾ ਕਿ ਅਲੌਕਿਕ ਜੌਹਰ ਵਿਖਾਉਣ ਵਾਲਾ ਜ਼ਾਹਰੀ ਨਾਥ ਲੌਕਿਕ ਰੂਪ 'ਚ ਉਹਨਾਂ ਤੋਂ ਵੱਖ ਵੀ ਹੋ ਸਕਦਾ ਹੈ? ਆਪਣੇ ਵਾਰਤਾਲਾਪ ਤੇ ਸ਼ਬਦਾਂ ਦੀ ਚਮਤਕਾਰੀ ਮਰੋੜੀ ਰਾਹੀਂ ਅਚੰਭਤ ਕਰ ਦੇਣ ਵਾਲੇ ਨਾਥ ਦੀ ਚੁੱਪ ਸਰੋਤੇ/ਪਾਠਕ ਦੇ ਚਿੱਤ ਵਿਚ ਖਲਬਲੀ ਪਾਉਂਦੀ ਹੈ। ਸ਼ਬਦਾਂ ਦਾ ਜਾਦੂਗਰ ਸ਼ਬਦਾਂ ਦੇ ਸਵਾਸ ਚੜ੍ਹਾ ਸਮਾਧੀ ਵਿਚ ਚਲਾ ਗਿਆ ਹੈ। ਹੋਰ ਨਾਥ ਤੇ ਚੇਲੇ ਉਸਦੀਆਂ ਦੁਆਵਾਂ ਦੀ ਉਡੀਕ ਵਿਚ ਸੋਗਵਾਨ, ਅੱਥਰੂਆਂ ਦੀ ਧੂਣੀ ਬਾਲ਼ੀ ਬੈਠੇ ਹਨ, ਸ਼ਾਇਦ ਉਹ ਕੋਈ ਆਪਣੀ ਸ਼ਖਸੀਅਤ ਵਰਗੇ ਚਮਤਕਾਰ ਨਾਲ ਪਰਤ ਆਵੇ। ਓਨਾ ਚਿਰ ਆਪਾਂ ਉਡੀਕ ਵਿਚ ਉਸਨੂੰ ਚੇਤੇ ਕਰਦੇ ਹਾਂ।

ਨਾਥ ਜਦੋਂ ਅਜੇ ਦੇਸ ਰਾਜ ਕਾਲੀ ਸੀ ਤਾਂ ਉਸ ਦੀ ਪੰਜਾਬੀ ਸਾਹਿਤ ਜਗਤ ਵਿਚ ਐਂਟਰੀ ਭਗਵੰਤ ਰਸੂਲਪੁਰੀ ਨਾਲ ਸਾਂਝੇ ਕਹਾਣੀ ਸੰਗ੍ਰਹਿ 'ਕੱਥ-ਕਾਲੀ' ਨਾਲ ਹੋਈ। ਇਹ ਧਮਾਕੇਦਾਰ ਐਂਟਰੀ ਸੀ। ਫਿਰ ਉਸ ਦਾ ਜੋੜ ਪੰਜਾਬੀ ਦੇ ਸਮਰੱਥ ਕਹਾਣੀਕਾਰ ਪ੍ਰੇਮ ਪ੍ਰਕਾਸ਼ ਨਾਲ ਬਣ ਗਿਆ। 'ਲਕੀਰ' ਦੇ ਇਕ ਅੰਕ ਲੇਖਕਾਂ ਦੀਆਂ ਜਾਤਾਂ ਵਿਚ ਉਹਨਾਂ ਨੇ ਲੇਖਕਾਂ ਦੀਆਂ ਜਾਤਾਂ ਦੇ ਖੁਰੇ ਲੱਭੇ। ਪੰਜਾਬੀ ਦੇ ਲੇਖਕ ਆਪਣੀ ਜਾਤ ਦੇ ਵਿਚੋਂ ਸਾਹਿਤ ਨੂੰ ਕਿਵੇਂ ਚਿਤਵਦੇ ਹਨ? ਇਸ ਅੰਕ ਦਾ ਮਕਸਦ ਭਾਵੇਂ ਇਹ ਸੀ ਕਿ ਪੰਜਾਬੀ ਬੰਦੇ ਦੀਆਂ ਜਾਤਾਂ ਉਸਦੇ ਸੋਚ ਢੰਗ ਨੂੰ ਸਾਹਿਤ 'ਚ ਕਿਵੇਂ ਪ੍ਰਗਟਾਉਂਦੀਆਂ ਹਨ? ਪਰ ਪਹਿਲਾਂ ਕਦੇ ਨਾ ਹੋਇਆ ਹੋਣ ਕਾਰਨ ਇਹ ਮੁੱਦਾ ਵਿਵਾਦਤ ਜਾਪਦਾ ਸੀ। ਬਹੁਤ ਜਲਦੀ ਕਾਲੀ ਦਾ ਪ੍ਰੇਮ ਪ੍ਰਕਾਸ਼ ਨਾਲੋਂ ਮੋਹ ਭੰਗ ਹੋ ਗਿਆ ਅਤੇ ਉਹ ਹਾਸ਼ੀਆਗਤ ਧਿਰਾਂ ਦੀ ਇਤਿਹਾਸਕ ਜੱਦੋ-ਜਹਿਦ ਵੱਲ ਰੁਖ ਕਰ ਲਿਆ।

ਕਾਲੀ ਨੇ ਇਕ ਪਰਚਾ 'ਪੰਚਮ' ਕੱਢਿਆ। 'ਪੰਚਮ' ਇਕ ਸਿਆਸੀ ਧਮਾਕਾ ਸੀ। ਇਹ ਬ੍ਰਾਹਮਣਵਾਦ ਵੱਲੋਂ ਵਰਣ ਸਮਾਜ ਤੋਂ ਬਾਹਰ ਦੀਆਂ ਧਿਰਾਂ 'ਵਰਣ ਸੰਕਰ' ਦਾ ਸਿਆਸੀ ਨਾਹਰਾ 'ਪੰਚਮ' ਸੀ। ਉਸ ਵੇਲੇ ਬਾਕੀ ਹਿੰਦੁਸਤਾਨ ਵਾਂਗ ਪੰਜਾਬ ਵਿਚ ਵੀ ਦਲਿਤ ਪੁਨਰ ਉਥਾਨ ਦਾ ਵੇਲਾ ਸੀ। ਨਰਸਿਮਹਾ ਰਾਉ+ਮਨਮੋਹਨ ਸਿੰਘ ਦੀ ਜੋੜੀ ਇਕੱਲਾ ਉਦਾਰਵਾਦੀ ਆਰਥਿਕ ਨੀਤੀ ਹੀ ਨਹੀਂ ਸੀ ਲੈ ਕੇ ਆਈ। ਐਥੇਨਿਕ ਸਿਆਸਤ ਨੂੰ ਵੀ ਸਿੰਜਣ ਵਾਲੀ ਵਿੱਤੀ ਪੂੰਜੀ ਦਾ ਵੀ ਤੂਫ਼ਾਨ ਲੈ ਕੇ ਆਈ ਸੀ। ਜਿਸ ਨਾਲ ਪੁਰਾਣੀ ਖੱਬੇ-ਪੱਖੀ ਵਿਚਾਰਾਂ ਦੀ ਜਮਾਤਾਂ ਦੀ ਰਾਜਨੀਤੀ ਨੂੰ ਧੂੜ ਨਾਲ ਭਰ ਕੇ ਚਿਹਰਿਆਂ ਨੂੰ ਕਰੂਪ ਕਰ ਦੇਣ ਦਾ ਬੰਨ੍ਹ ਸੁੱਭ ਸੀ। ਕਾਲੀ ਪੰਜਾਬ ਵਿਚ ਪ੍ਰਤੀਰੋਧਾਂ ਦੀ ਨਾਥ ਪ੍ਰੰਪਰਾ ਰਾਹੀਂ ਸਮਾਜਿਕ ਬਰਾਬਰੀ ਦੇ ਸੰਘਰਸ਼ ਨੂੰ ਗਰਮਾਉਣਾ ਚਾਹੁੰਦਾ ਸੀ, ਪਰ ਪੰਜਾਬ ਅੰਦਰ ਹੋ ਰਹੀ ਨਵੇਂ ਯੁੱਗ ਦੀ ਨਵੀਂ ਦਲਿਤ ਸਿਆਸਤ ਦੇ ਉਹ ਫਿੱਟ ਨਾ ਬੈਠਾ। ਉਸਨੇ ਇਸ ਸਿਆਸਤ ਤੋਂ ਵਿੱਥ ਥਾਪ ਲਈ। ਉਸਨੇ ਆਪਣਾ ਬਹੁਤਾ ਰੁਝਾਨ ਪੱਤਰਕਾਰੀ ਵੱਲ ਕਰ ਲਿਆ ਅਤੇ ਸਾਹਿਤ ਵੀ ਨਾਲ-ਨਾਲ ਚੱਲਦਾ ਰਿਹਾ।

ਦੇਸ ਰਾਜ ਕਾਲੀ ਨੇ 'ਨਵਾਂ ਜ਼ਮਾਨਾ' 'ਚ ਕੰਮ ਕਰਨਾ ਸ਼ੁਰੂ ਕੀਤਾ ਤਾਂ ਉਸਨੇ ਸਿੱਖਿਆ ਦੇ ਖੇਤਰ ਵਿਚ ਹੋ ਰਹੇ ਕੂੜ ਵਪਾਰ ਦੇ ਪਰਖੱਚੇ ਉਡ

7--SEP-PAGE-5.qxd 9/6/2023 8:31 PM Page 1



# ਲੁੱਟ-ਖੋਹ ਤੇ ਚੋਰੀ ਕਰਨ ਵਾਲੇ ਗਰੋਹ ਦਾ ਪਰਦਾ ਫ਼ਾਸ਼

**ਤਪਾ ਮੰਡੀ (ਅਰੁਣ ਗੋਇਲ)** ਥਾਣਾ ਤਪਾ ਦੀ ਪੁਲਸ ਨੇ ਲੁੱਟਾਂ-ਖੋਹਾਂ ਤੇ ਚੋਰੀਆਂ ਕਰਨ ਵਾਲੇ ਗਿਰੋਹ ਦਾ ਪਰਦਾਫ਼ਾਸ ਕਰਕੇ ਸੱਤ ਮੈਂਬਰਾਂ ਨੂੰ ਕਾਬੂ ਕਰਕੇ ਉਨ੍ਹਾਂ ਪਾਸੋਂ ਚੋਰੀ ਅਤੇ ਲੁੱਟ ਖੋਹ ਕੀਤਾ ਕਰੀਬ 24 ਗ੍ਰਾਮ ਸੋਨੇ ਦੇ ਗਹਿਣੇ, ਕਰੀਬ 200 ਗ੍ਰਾਮ ਚਾਂਦੀ ਦੇ ਗਹਿਣੇ ਐਲ.ਈ.ਡੀ 32 ਇੰਚ, 54 ਹਜ਼ਾਰ ਰੁਪਏ ਨਕਦ, 3 ਮੋਟਰਸਾਇਕਲਾਂ ਅਤੇ 4 ਮੋਬਾਇਲਾਂ ਸਮੇਤ ਕਾਬੂ ਕੀਤੇ ਹਨ ਤੇ ਵਾਰਦਾਤ ਸਮੇਂ ਵਰਤਿਆਂ ਪਾਈਪ ਲੋਹਾ, ਇੱਕ ਖੱਪਰਾ ਲੋਹਾ, ਇੱਕ ਗਰਾਰੀ ਬੈਲਡਿੰਗ ਕੀਤੀ ਲੋਹੇ ਦੀ ਪਾਇਪ ਤੇ ਇੱਕ ਖੰਡਾ ਲੋਹਾ ਵੀ ਬਰਾਮਦ ਕੀਤਾ ਹੈ।

ਡੀ.ਐਸ.ਪੀ ਤਪਾ ਡਾ.ਮਾਨਵਜੀਤ ਸਿੰਘ ਸਿੱਧੂ ਨੇ ਭਰਵੀਂ ਕਾਨਫਰੰਸ ਦੌਰਾਨ ਦੱਸਿਆ ਕਿ ਐਸ.ਐਸ.ਪੀ ਸ੍ਰੀ ਸੰਦੀਪ ਮਲਿਕ ਦੇ ਨਿਰਦੇਸ਼ਾਂ ਤੇ ਸਮਾਜ ਵਿਰੋਧੀ ਅਨਸਰਾਂ ਖਿਲਾਫ਼ ਚਲਾਈ ਮੁਹਿਮ ਦੌਰਾਨ ਥਾਣਾ ਮੁਖੀ ਗੁਰਵਿੰਦਰ ਸਿੰਘ ਅਤੇ ਚੌਕੀ ਇੰਚਾਰਜ ਗੁਰਪਾਲ ਸਿੰਘ ਨੇ ਰਾਧੇ ਮੈਡੀਕਲ ਹਾਲ ਨੇੜੇ ਸਰਕਾਰੀ ਹਸਪਤਾਲ ਤਪਾ, ਅਜ਼ਾਦ ਨਗਰ ਤਪਾ 'ਚ ਪ੍ਰੇਮ ਕੁਮਾਰ ਭਾਰਤੀ ਤੇ ਰੋਹੀ ਰਾਮ ਪੁੱਤਰ ਨਛੱਤਰ ਸਿੰਘ ਵਾਸੀ ਅੰਮ੍ਰਿਤਸਰ ਬਸਤੀ ਤਪਾ, ਕੁਝ ਮੋਬਾਇਲ ਤੇ ਮੋਟਰਸਾਇਕਲ ਚੋਰੀ ਅਤੇ ਮੋਬਾਇਲ ਖੋਹਣ ਦੀਆਂ ਹੋਈਆਂ ਵਾਰਦਾਤਾਂ 'ਚ ਸ਼ਾਮਲ ਦੋਸ਼ੀਆਂ ਜਸਵੀਰ ਖਾਂ ਪੁੱਤਰ ਮੀਤਾ ਖਾਂ ਵਾਸੀ ਬਾਗ ਬਸਤੀ ਤਪਾ, ਓਮ ਪ੍ਰਕਾਸ ਉਰਫ਼ ਖੰਡੀ ਪੁੱਤਰ ਮੋਰ ਰਾਮ ਵਾਸੀ ਬਾਜੀਗਰ ਬਸਤੀ ਤਪਾ, ਦੇਵ ਰਾਜ ਪੁੱਤਰ ਸਿਪਾਹੀ ਲਾਲ ਦਰਾਜ ਰੋਡ ਤਪਾ, ਬਲਵਿੰਦਰ ਉਰਫ ਕਾਲੀ ਪੁੱਤਰ ਸਲਿੰਦਰ ਸਿੰਘ ਢਿਲਵਾਂ ਰੋਡ, ਧਰਮਿੰਦਰ ਸਿੰਘ ਉਰਫ਼ ਕਾਕਾ ਹਰਜਿੰਦਰ ਸਿੰਘ ਗੋਬਿੰਦ ਕਾਲੋਨੀ ਵਾਸੀ ਤਪਾ,ਦਲੇਰ ਸਿੰਘ ਪੁੱਤਰ ਜੁਰਜੰਟ ਸਿੰਘ ਵਾਸੀ ਤਪਾ,ਰਾਜਜੋਤ ਸਿੰਘ ਪੁੱਤਰ ਜੱਗਾ ਸਿੰਘ ਵਾਸੀ ਬੱਲ੍ਹੋ ਨੂੰ ਕਾਬੂ ਕਰਕੇ ਕਰੀਬ 24 ਗ੍ਰਾਮ ਸੋਨੇ ਦੇ ਗਹਿਣੇ, ਕਰੀਬ 200 ਗ੍ਰਾਮ ਚਾਂਦੀ ਦੇ ਗਹਿਣੇ ਐਲ.ਈ.ਡੀ 32 ਇੰਚ, 54 ਹਜ਼ਾਰ ਰੁਪਏ 3 ਮੋਟਰਸਾਇਕਲ ਅਤੇ 4 ਮੋਬਾਇਲ ਸਮੇਤ ਬਰਾਮਦ ਕਰਾਏ। ਡੀ.ਐਸ.ਪੀ ਤਪਾ ਡਾ. ਸਿੱਧੂ ਨੇ ਦੱਸਿਆ ਕਿ ਉਕਤ ਕਾਬੂ ਕੀਤੇ ਕਈ ਦੋਸ਼ੀ ਅਜਿਹੇ ਹਨ, ਜਿਨ੍ਹਾਂ 'ਤੇ ਪਹਿਲਾਂ ਵੀ ਮਾਮਲੇ ਦਰਜ ਹਨ, ਹੁਣ ਕਾਬੂ ਕੀਤੇ ਦੋਸ਼ੀਆਂ ਨੂੰ ਮਾਨਯੋਗ ਅਦਾਲਤ 'ਚ ਪੇਸ਼ ਕਰਕੇ ਪੁਲਸ ਰਿਮਾਂਡ ਹਾਸਲ ਕਰਕੇ ਹੋਰ ਪੁੱਛਗਿੱਛ ਕੀਤੀ ਜਾਵੇਗੀ, ਜਿਨ੍ਹਾਂ ਤੋਂ ਹੋਰ ਵੱਡੇ ਖੁਲਾਸੇ ਹੋਣਗੇ।

# ਪੇਅ ਪੈਰਿਟੀ ਲਈ ਵੈਟਰਨਰੀ ਡਾਕਟਰਾਂ ਵੱਲੋਂ ਸੰਘਰਸ਼ ਦਾ ਮੁੜ ਐਲਾਨ

## 17 ਨੂੰ ਪਟਿਆਲਾ 'ਚ ਜ਼ੋਨਲ ਧਰਨਾ ਲਾਉਣ ਦਾ ਫ਼ੈਸਲਾ

**ਫ਼ਰੀਦਕੋਟ (ਪੱਤਰ ਪ੍ਰੇਰਕ)** ਵੈਟਰਨਰੀ ਅਫਸਰਾਂ ਦਾ ਐਂਟਰੀ ਸਕੇਲ ਹਮ ਰੁਤਬਾ ਮੈਡੀਕਲ ਅਫ਼ਸਰਾਂ ਤੋਂ ਘਟਾ ਕੇ ਪਿਛਲੇ 45 ਸਾਲਾਂ ਤੋਂ ਚੱਲੀ ਆ ਰਹੀ ਪੇਅ ਪੈਰਿਟੀ ਤੋੜਨ ਖਿਲਾਫ਼ ਵੈਟਰਨਰੀ ਡਾਕਟਰਾਂ ਨੇ ਮੁੜ ਤੋਂ ਸੰਘਰਸ਼ ਤਿੱਖਾ ਕਰਨ ਦਾ ਅਹਿਦ ਕੀਤਾ ਹੈ।

ਇਹ ਐਲਾਨ ਇਸ ਮੰਤਵ ਲਈ ਬਣੀ ਜੁਆਇੰਟ ਐਕਸ਼ਨ ਕਮੇਟੀ ਆਫ ਵੈਟਸ ਫਾਰ ਪੇਅ ਪੈਰਿਟੀ ਦੀ ਸੂਬਾ ਕਾਰਜਕਰਨੀ ਦੀ ਮੀਟਿੰਗ ਤੋਂ ਬਾਅਦ ਕੀਤਾ ਗਿਆ। ਕਮੇਟੀ ਦੇ ਕਨਵੀਨਰ ਡਾ. ਰਜਿੰਦਰ ਸਿੰਘ ਅਤੇ ਕੋ ਕਨਵੀਨਰ ਡਾ. ਗੁਰਚਰਨ ਸਿੰਘ ਨੇ ਦੱਸਿਆ ਕਿ ਵੈਟਰਨਰੀ ਡਾਕਟਰਾਂ ਵੱਲੋਂ ਸ਼ੁਰੂ ਕੀਤੇ ਸੰਘਰਸ਼ ਦੀ ਬਦੌਲਤ ਮਹਿਕਮੇ ਦੇ ਪਹਿਲੇ ਮੰਤਰੀ ਲਾਲਜੀਤ ਸਿੰਘ ਭੁੱਲਰ ਹੁਣਾਂ ਛੇ ਮਹੀਨੇ ਪਹਿਲਾਂ ਇਹ ਮਸਲਾ ਹੱਲ ਕਰਾਉਣ ਦਾ ਭਰੋਸਾ ਦਿੱਤਾ ਸੀ ਅਤੇ ਜਲਦੀ ਹੀ ਵਿੱਤ ਮੰਤਰੀ ਨਾਲ ਮੀਟਿੰਗ ਕਰਵਾਉਣ ਦਾ ਵਾਅਦਾ ਕੀਤਾ ਸੀ। ਸਰਕਾਰ ਵੱਲੋਂ ਕੀਤੇ ਵਾਅਦੇ 'ਤੇ ਯਕੀਨ ਕਰਦਿਆਂ ਐਕਸ਼ਨ ਕਮੇਟੀ ਨੇ ਚੱਲ ਰਹੇ ਸੰਘਰਸ਼ ਨੂੰ ਵਕਤੀ ਤੌਰ 'ਤੇ ਰੋਕ ਦਿੱਤਾ ਸੀ, ਪਰ ਨਾ ਤਾਂ ਵਿੱਤ ਮੰਤਰੀ ਨਾਲ ਮੀਟਿੰਗ ਕਰਾਈ ਗਈ ਅਤੇ ਨਾ ਹੀ ਪੈਰਿਟੀ ਦੇ ਮਸਲੇ ਨੂੰ ਗੰਭੀਰਤਾ ਨਾਲ ਲਿਆ ਗਿਆ। ਮਹਿਕਮੇ ਦੇ ਮੌਜੂਦਾ ਮੰਤਰੀ ਗੁਰਮੀਤ ਸਿੰਘ ਖੁੱਡੀਆਂ ਨੂੰ ਵੀ ਕਮੇਟੀ ਵੱਲੋਂ ਕਈ ਵਾਰ ਮੈਮੋਰੰਡਮ ਦਿੱਤੇ ਜਾ ਚੁੱਕੇ ਹਨ, ਪਰ ਸਰਕਾਰ ਡੰਗ ਟਪਾਊ ਨੀਤੀ ਤੋਂ ਸਿਵਾ ਕੁੱਝ ਨਹੀਂ ਕਰ ਰਹੀ।

ਇਸ ਵਾਅਦਾ ਖਿਲਾਫੀ ਵਿਰੁੱਧ ਵੈਟਰਨਰੀ ਡਾਕਟਰਾਂ ਅੰਦਰ ਫੈਲੇ ਵਿਆਪਕ ਰੋਸ ਨੂੰ ਦੇਖਦਿਆਂ ਹੁਣ ਸੰਘਰਸ਼ ਨੂੰ ਮੁੜ ਮਘਾਉਣ ਦਾ ਫੈਸਲਾ ਲਿਆ ਗਿਆ ਹੈ, ਜਿਸ ਤਹਿਤ 17 ਸਤੰਬਰ ਨੂੰ ਪਟਿਆਲਾ ਵਿਖੇ ਇੱਕ ਜ਼ੋਨ ਪੱਧਰੀ ਧਰਨਾ ਲਾਇਆ ਜਾਵੇਗਾ, ਜਿਸ ਵਿੱਚ ਪਟਿਆਲਾ ਤੋਂ ਇਲਾਵਾ ਰੋਪੜ, ਮੋਹਾਲੀ ਅਤੇ ਫ਼ਤਿਹਗੜ੍ਹ ਸਾਹਿਬ ਜ਼ਿਲ੍ਹੇ ਦੇ ਸਮੂਹ ਵੈਟਰਨਰੀ ਅਫ਼ਸਰ, ਐਸ ਵੀ ਓ, ਏ ਡੀ, ਡਿਪਟੀ ਡਾਇਰੈਕਟਰ ਅਤੇ ਸੇਵਾਮੁਕਤ ਵੈਟਰਨਰੀ ਅਧਿਕਾਰੀ ਵੀ ਵੱਡੀ ਗਿਣਤੀ ਵਿੱਚ ਪਹੁੰਚਣਗੇ।

ਇੱਕ ਵੱਖਰੇ ਫੈਸਲੇ ਰਾਹੀਂ ਕਮੇਟੀ ਦੀ ਸੂਬਾ ਕਾਰਜਕਰਨੀ ਵਿੱਚ ਡਾ. ਸੁਖਹਰਮਨ ਸ਼ੇਰਗਿੱਲ, ਡਾ. ਵਿਪਿਨ ਬਰਾੜ, ਡਾ. ਵਿਨੀਤ ਜੋਸ਼ੀ, ਡਾ. ਦਿਲਮਨਪਰੀਤ ਸਿੰਘ ਅਤੇ ਡਾ. ਸਾਹਿਲਦੀਪ ਭਿੰਡਰ ਨੂੰ ਸਰਬਸੰਮਤੀ ਨਾਲ ਸ਼ਾਮਲ ਕੀਤਾ ਗਿਆ।

ਇਸ ਮੌਕੇ ਹੋਰਨਾਂ ਤੋਂ ਇਲਾਵਾ ਜੁਆਇੰਟ ਐਕਸ਼ਨ ਕਮੇਟੀ ਦੇ ਕੋ ਕਨਵੀਨਰ ਡਾ. ਗੁਰਦੀਪ ਸਿੰਘ, ਡਾ. ਕੰਵਰਅਨੂਪ ਕਲੇਰ, ਡਾ. ਗਗਨਦੀਪ ਕੌਸਲ, ਡਾ. ਮਾਜਿਦ ਅਜਾਦ, ਡਾ. ਪੁਨੀਤ ਮਲਹੋਤਰਾ, ਡਾ. ਗੁਰਦੀਪ ਕਲੇਰ, ਡਾ. ਹਰਿੰਦਰ ਭੁੱਲਰ, ਸੂਬਾ ਖ਼ਜ਼ਾਨਚੀ ਡਾ. ਸੂਰਜ ਭਾਨ, ਡਾ. ਚਤਿੰਦਰ ਸਿੰਘ ਰਾਇ, ਚੀਫ ਕੋ ਆਰਡੀਨੇਟਰ ਡਾ. ਦਰਸਨ ਖੇੜੀ, ਡਾ. ਹਰਵਿੰਦਰ ਸਿੰਘ, ਡਾ. ਹਰਮਨ ਜੋਸਨ, ਡਾ. ਸਾਹਿਲਦੀਪ ਭਿੰਡਰ ਅਤੇ ਸੋਸਲ ਮੀਡੀਆ ਇੰਚਾਰਜ ਡਾ. ਅਕਸਪ੍ਰੀਤ ਸਿੰਘ ਵੀ ਹਾਜ਼ਰ ਸਨ। ਇਨ੍ਹਾਂ ਸਾਰੇ ਆਗੂਆਂ ਨੇ ਸਮੁੱਚੇ ਵੈਟਰਨਰੀ ਭਾਈਚਾਰੇ ਨੂੰ ਇੱਕ ਸਾਂਝੇ ਪਲੇਟਫਾਰਮ 'ਤੇ ਇਕੱਠੇ ਹੋ ਕੇ ਆਪਣੀ ਏਕਤਾ ਅਤੇ ਜਥੇਬੰਦਕ ਤਾਕਤ ਨੂੰ ਹੋਰ ਮਜਬੂਤ ਕਰਦਿਆਂ 17 ਸਤੰਬਰ ਦੇ ਧਰਨੇ ਵਿੱਚ ਹੁੰਮ ਹੁੰਮਾ ਕੇ ਪਹੁੰਚਣ ਦੀ ਪੁਰਜ਼ੋਰ ਅਪੀਲ ਕੀਤੀ ਹੈ।

ਡਾ. ਸੁਰਜੀਤ ਸਿੰਘ ਮੱਲ (ਸੂਬਾ ਸਕੱਤਰ) ਨੇ ਕਿਹਾ ਕਿ ਐਕਸ਼ਨ ਕਮੇਟੀ ਮੰਗਾਂ ਪੂਰੀਆਂ ਹੋਣ ਤੱਕ ਸਿਰਤੋੜ ਸੰਘਰਸ਼ ਕਰੇਗੀ।

# ਬੇਰੁਜ਼ਗਾਰ ਅਧਿਆਪਕਾਂ 'ਤੇ ਕੀਤੇ ਲਾਠੀਚਾਰਜ ਦੀ ਡੀ ਟੀ ਐੱਫ ਵੱਲੋਂ ਸਖਤ ਨਿਖੇਧੀ

**ਸੰਗਰੂਰ (ਪ੍ਰਵੀਨ ਸਿੰਘ)**- ਅਧਿਆਪਕ ਦਿਵਸ ਵਾਲੇ ਦਿਨ ਮੁੱਖ ਮੰਤਰੀ ਭਗਵੰਤ ਮਾਨ ਦੀ ਕੋਠੀ ਅੱਗੇ ਆਪਣੇ ਹੱਕੀ ਰੁਜ਼ਗਾਰ ਮੰਗਣ ਗਏ ਬੇਰੁਜ਼ਗਾਰ ਈ.ਟੀ.ਟੀ. ਟੈੱਟ ਪਾਸ ਬੇਰੁਜ਼ਗਾਰ ਅਧਿਆਪਕਾਂ ਅਤੇ ਬੇਰੁਜ਼ਗਾਰ ਬੀ ਐੱਡ ਟੈੱਟ ਪਾਸ ਅਧਿਆਪਕਾਂ 'ਤੇ ਸੰਗਰੂਰ ਪੁਲਸ ਵੱਲੋਂ ਕੀਤੇ ਲਾਠੀਚਾਰਜ ਦੀ ਡੈਮੋਕਰੈਟਿਕ ਟੀਚਰਜ਼ ਫਰੰਟ (ਪੰਜਾਬ) ਨੇ ਸਖਤ ਨਿਖੇਧੀ ਕੀਤੀ ਹੈ। ਡੀ ਟੀ ਐੱਫ ਦੇ ਸੂਬਾ ਪ੍ਰਧਾਨ ਵਿਕਰਮ ਦੇਵ ਸਿੰਘ, ਜਨਰਲ ਸਕੱਤਰ ਮੁਕੇਸ਼ ਕੁਮਾਰ, ਵਿੱਤ ਸਕੱਤਰ ਅਸ਼ਵਨੀ ਅਵਸਥੀ ਅਤੇ ਮੀਤ ਪ੍ਰਧਾਨ ਰਘਵੀਰ ਸਿੰਘ ਭਵਾਨੀਗੜ੍ਹ ਨੇ ਕਿਹਾ ਕਿ ਅਧਿਆਪਕ ਦਿਵਸ ਵਾਲੇ ਦਿਨ ਸਰਕਾਰੀ ਸਕੂਲਾਂ ਵਿਚ ਖਾਲੀ ਹਜ਼ਾਰਾਂ ਅਸਾਮੀਆਂ 'ਤੇ ਭਰਤੀ ਦੀ ਮੰਗ ਕਰ ਰਹੇ ਬੇਰੁਜ਼ਗਾਰ ਅਧਿਆਪਕਾਂ 'ਤੇ ਪੰਜਾਬ ਸਰਕਾਰ ਦੀ ਸ਼ਹਿ 'ਤੇ ਸੰਗਰੂਰ ਪੁਲਸ ਵੱਲੋਂ ਲਾਠੀਚਾਰਜ ਕੀਤਾ ਗਿਆ ਅਤੇ ਅਧਿਆਪਕਾਂ ਨਾਲ ਬਦਸਲੂਕੀ ਕੀਤੀ ਗਈ। ਉਨ੍ਹਾਂ ਕਿਹਾ ਕਿ ਉਹ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਪੁਲਸ ਨੂੰ ਦਿੱਤੀ ਖੁੱਲ੍ਹੀ ਛੋਟ ਤਹਿਤ, ਲੋਕਾਂ ਦੇ ਬੁਨਿਆਦੀ ਮਸਲੇ ਹੱਲ ਕਰਨ ਦੀ ਥਾਂ ਗੈਰ ਜਮਹੂਰੀ ਅਤੇ ਤਾਨਾਸ਼ਾਹੀ ਵਤੀਰਾ ਅਪਣਾਉਣ ਦਾ ਸਖਤ ਵਿਰੋਧ ਕਰਦੇ ਹਾਂ। ਡੀਟੀਐੱਫ ਆਗੂਆਂ ਰਾਜੀਵ ਬਰਨਾਲਾ, ਗੁਰਪਿਆਰ ਕੋਟਲੀ, ਬੇਅੰਤ ਫੂਲੇਵਾਲਾ, ਜਗਪਾਲ ਬੰਗੀ, ਰਘਵੀਰ ਭਵਾਨੀਗੜ੍ਹ, ਜਸਵਿੰਦਰ ਔਜਲਾ, ਹਰਜਿੰਦਰ ਸਿੰਘ ਵਡਾਲਾ ਬਾਂਗਰ, ਦਲਜੀਤ ਸਫੀਪੁਰ, ਕੁਲਵਿੰਦਰ ਜੋਸਨ, ਪਵਨ ਕੁਮਾਰ ਮੁਕਤਸਰ, ਮਹਿੰਦਰ ਕੌੜਿਆਂਵਾਲੀ, ਤੇਜਿੰਦਰ ਸਿੰਘ, ਰੁਪਿੰਦਰ ਗਿੱਲ ਅਤੇ ਸੁਖਦੇਵ ਡਾਨਸੀਵਾਲ ਨੇ ਨਿੱਜੀਕਰਨ ਦੀ ਨੀਤੀ ਤਹਿਤ ਅਸਾਮੀਆਂ ਦੀ ਛਾਂਟੀ ਕਰਨ ਦੀ ਥਾਂ ਅਧਿਆਪਕਾਂ ਦੀਆਂ ਖਾਲੀ ਸਾਰੀਆਂ ਹਜ਼ਾਰਾਂ ਅਸਾਮੀਆਂ ਲਈ ਇਕ ਹੀ ਇਸ਼ਤਿਹਾਰ ਫੌਰੀ ਜਾਰੀ ਕਰਦਿਆਂ, ਨਿਯੁਕਤੀ ਪ੍ਰਕਿਰਿਆ ਜੰਗੀ ਪੱਧਰ 'ਤੇ ਪੂਰੀ ਕਰਨ ਅਤੇ ਲੰਬੇ ਸਮੇਂ ਤੋਂ ਅਸਾਮੀਆਂ ਦਾ ਇੰਤਜ਼ਾਰ ਕਰ ਰਹੇ ਓਵਰ ਏਜ ਅਧਿਆਪਕਾਂ ਲਈ ਉੱਪਰਲੀ ਉਮਰ ਹੱਦ ਤਰਕਸੰਗਤ ਵਧਾਉਣ ਦੀ ਮੰਗ ਕੀਤੀ। ਉਨ੍ਹਾਂ ਮੰਗ ਕੀਤੀ ਕਿ ਬੇਰੁਜ਼ਗਾਰ ਅਧਿਆਪਕਾਂ ਲਈ ਚੱਲ ਰਹੀਆਂ ਭਰਤੀ ਪ੍ਰਕਿਰਿਆਵਾਂ ਨੂੰ ਤੁਰੰਤ ਪੂਰਾ ਕੀਤਾ ਜਾਵੇ, ਸਰਕਾਰੀ ਸਕੂਲਾਂ ਵਿੱਚ ਪੂਰੇ ਤਨਖਾਹ ਸਕੇਲਾਂ 'ਤੇ ਘੱਟੋ ਘੱਟ 15,000 ਅਧਿਆਪਕਾਂ ਦੀ ਭਰਤੀ ਦਾ ਇਸ਼ਤਿਹਾਰ ਜਾਰੀ ਕੀਤਾ ਜਾਵੇ ਅਤੇ ਉਮਰ ਹੱਦ 37 ਤੋਂ ਵਧਾ ਕੇ 42 ਸਾਲ ਕੀਤੀ ਜਾਵੇ।

## ਕਾਤਰਾਂ

### ਬਲਾਕ ਪੱਧਰੀ ਖੇਡਾਂ 'ਚ ਰੰਧਾਵਾ ਵੱਲੋਂ ਸ਼ਮੂਲੀਅਤ

**ਡੇਰਾਬੱਸੀ (ਗਰਗ)** ਪੰਜਾਬ ਸਰਕਾਰ ਵੱਲੋਂ ਖੇਡ ਸੱਭਿਆਚਾਰ ਨੂੰ ਮੁੜ ਸੁਰਜੀਤ ਕਰਨ ਅਤੇ ਨੌਜਵਾਨਾਂ ਨੂੰ ਮੁੜ ਖੇਡ ਮੈਦਾਨਾਂ ਨਾਲ ਜੋੜਨ ਵਾਸਤੇ ਸ਼ੁਰੂ ਕਰਵਾਈਆਂ ਗਈਆਂ ਖੇਡਾਂ ਵਤਨ ਪੰਜਾਬ ਦੀਆਂ ਨਾਲ ਪੰਜਾਬ ਅੰਦਰ ਇੱਕ ਨਵੇਂ ਯੁੱਗ ਦੀ ਸ਼ੁਰੂਆਤ ਹੋਈ ਹੈ। ਇਨ੍ਹਾਂ ਖੇਡਾਂ ਸਦਕਾ ਨੌਜਵਾਨ ਮੁੜ ਖੇਡ ਮੈਦਾਨਾਂ ਵਿੱਚ ਆ ਰਹੇ ਹਨ। ਇਹ ਪ੍ਰਗਟਾਵਾ ਹਲਕਾ ਵਿਧਾਇਕ ਕੁਲਜੀਤ ਸਿੰਘ ਰੰਧਾਵਾ ਨੇ ਲਾਲੜੂ ਖੇਡ ਸਟੇਡੀਅਮ ਵਿਖੇ ਖੇਡਾਂ ਵਤਨ ਪੰਜਾਬ ਦੀਆਂ ਸੀਜ਼ਨ-2 ਤਹਿਤ ਕਰਵਾਈਆਂ ਜਾ ਰਹੀਆਂ ਬਲਾਕ ਪੱਧਰੀ ਖੇਡਾਂ ਦੌਰਾਨ ਜੇਤੂਆਂ ਨੂੰ ਮੈਡਲ ਦੇਣ ਮੌਕੇ ਕੀਤਾ। ਹਲਕਾ ਵਿਧਾਇਕ ਨੇ ਇਸ ਮੌਕੇ ਖਿਡਾਰੀਆਂ ਨਾਲ ਜਾਣ ਪਹਿਚਾਣ ਕੀਤੀ ਅਤੇ ਉਨ੍ਹਾਂ ਦੀ ਹੌਸਲਾ ਅਫਜ਼ਾਈ ਵੀ ਕੀਤੀ। ਉਨ੍ਹਾਂ ਕਿਹਾ ਕਿ ਮਨੁੱਖੀ ਸਰੀਰ ਲਈ ਖੇਡਾਂ ਬਹੁਤ ਜ਼ਰੂਰੀ ਹਨ ਕਿਉਂਕਿ ਖੇਡਾਂ ਨਾਲ ਜਿਥੇ ਖਿਡਾਰੀ ਸਰੀਰਕ ਤੌਰ 'ਤੇ ਤੰਦਰੁਸਤ ਰਹਿੰਦੇ ਹਨ, ਉਥੇ ਹੀ ਮਾਨਸਿਕ ਤੌਰ 'ਤੇ ਵੀ ਚੁਸਤ ਦਰੁਸਤ ਰਹਿੰਦੇ ਹਨ। ਅੰਡਰ 21 ਲੜਕੇ 800 ਮੀਟਰ ਵਿਚ ਪਹਿਲਾ ਸਥਾਨ ਅਨੀਕੇਤ, ਦੂਜਾ ਸਥਾਨ, ਅਕਸ਼ੈ ਕੁਮਾਰ ਅਤੇ ਤੀਜਾ ਸਥਾਨ ਈਸ਼ਾਂਤ ਢਕੋਲੀ ਨੇ ਹਾਸਲ ਕੀਤਾ। ਲੰਬੀ ਛਾਲ ਅੰਡਰ 14 ਲੜਕਿਆਂ ਵਿਚ ਪਹਿਲਾ ਸਥਾਨ ਮੁਹੰਮਦ ਆਦਿਲ ਧਰਮਗੜ੍ਹ, ਦੂਜਾ ਸੁਸ਼ੀਲ ਲੋਹਗੜ੍ਹ ਅਤੇ ਤੀਜਾ ਸਥਾਨ ਦੀਪਕ ਕੁਮਾਰ ਕੁਰੜੀ ਨੇ ਹਾਸਲ ਕੀਤਾ।

### ਜਨਮ ਅਸ਼ਟਮੀ ਦਾ ਤਿਉਹਾਰ ਅੱਜ

**ਤਪਾ ਮੰਡੀ (ਅਰੁਣ ਗੋਇਲ)** ਡੇਰਾ ਬਾਬਾ ਜੰਗੀਰ ਦਾਸ (ਬਾਹਰਲਾ ਡੇਰਾ) ਹਵੇਲੀ ਪੱਤੀ ਤਪਾ ਵਿਖੇ ਸ੍ਰੀ ਜਨਮ ਅਸ਼ਟਮੀ ਦਾ ਤਿਉਹਾਰ ਧੂਮਧਾਮ ਨਾਲ ਮਨਾਇਆ ਜਾ ਰਿਹਾ ਹੈ। ਮਹੰਤ ਰਘੁਵੀਰ ਦਾਸ, ਮਹੰਤ ਬੁੱਕਣ ਦਾਸ, ਮਹੰਤ ਸੋਮ ਦਾਸ ਤੇ ਮਹੰਤ ਬਾਰਬਲ ਦਾਸ ਨੇ ਦੱਸਿਆ ਕਿ 7 ਸਤੰਬਰ ਨੂੰ ਮਾਸਟਰ ਭੀਮ ਮੋੜ ਦਾ ਕਵੀਸ਼ਰੀ ਜਥਾ ਭਗਵਾਨ ਕ੍ਰਿਸ਼ਨ ਜੀ ਨਾਲ ਸੰਬੰਧਤ ਬਾਣੀ ਸੁਣਾ ਕੇ ਸੰਗਤਾਂ ਨੂੰ ਨਿਹਾਲ ਕਰਨਗੇ। ਸੰਗਤਾਂ ਦੇ ਮਨੋਰੰਜਨ ਲਈ ਸੁੰਦਰ-ਸੁੰਦਰ ਝਾਕੀਆਂ ਦਿਖਾਈਆਂ ਜਾਣਗੀਆਂ। ਇਸ ਤੋਂ ਇਲਾਵਾ ਸੰਤ ਵੀਰ ਗਿਰ ਆਸ਼ਰਮ ਤਪਾ, ਸ੍ਰੀ ਪ੍ਰਾਚੀਨ ਸਰਾਂ ਮੰਦਿਰ, ਪੰਚਾਇਤੀ ਮੰਦਰ ਤਪਾ, ਸ੍ਰੀ ਗੀਤਾ ਭਵਨ ਤਪਾ, ਗੌਰੀ ਸ਼ੰਕਰ ਮੰਦਰ, ਰਾਮ ਬਾਗ ਤਪਾ ਤੇ ਸੂਰੀਆ ਸਿਟੀ ਸਥਿਤ ਮੰਦਰਾਂ 'ਚ ਜਨਮ ਅਸ਼ਟਮੀ ਦਾ ਤਿਉਹਾਰ ਧੂਮ ਧਾਮ ਨਾਲ ਮਨਾਇਆ ਜਾ ਰਿਹਾ ਹੈ। ਇਸ ਮੌਕੇ ਪੁਜਾਰੀ ਕ੍ਰਿਸ਼ਨ ਦਾਸ, ਬਲਵਿੰਦਰ ਦਾਸ, ਧਰਮ ਪਾਲ, ਬੂਟੀ ਦਾਸ, ਕਿਸ਼ੋਰ ਦਾਸ, ਹਰਪਾਲ ਦਾਸ, ਕੁਲਵੰਤ ਦਾਸ, ਦਵਿੰਦਰ ਦਾਸ, ਬਹਾਦਰ ਸਿੰਘ ਆਦਿ ਸੇਵਕ ਹਾਜ਼ਰ ਸਨ।

### ਰਾਸ਼ਟਰੀ ਪੋਸ਼ਣ ਹਫ਼ਤਾ ਮਨਾਇਆ

**ਮੁਕਤਸਰ (ਸ਼ਮਿੰਦਰਪਾਲ/ਪੂਜਾ)** ਸਿਵਲ ਸਰਜਨ ਡਾ. ਰੀਟਾ ਬਾਲਾ ਸੀਨੀਅਰ ਮੈਡੀਕਲ ਅਫ਼ਸਰ ਡਾ. ਕੁਲਤਾਰ ਸਿੰਘ ਦੀ ਅਗਵਾਈ ਹੇਠ ਸਿਹਤ ਬਲਾਕ ਚੱਕ ਸ਼ੇਰੇ ਵਾਲਾ ਅਧੀਨ ਪੈਂਦੇ ਵੱਖ-ਵੱਖ ਪਿੰਡਾਂ 'ਚ 1 ਤੋਂ 7 ਸਤੰਬਰ ਤੱਕ ਰਾਸ਼ਟਰੀ ਪੋਸ਼ਣ ਹਫ਼ਤਾ ਮਨਾਇਆ ਜਾ ਰਿਹਾ ਹੈ। ਡਾ. ਕੁਲਤਾਰ ਸਿੰਘ ਨੇ ਕਿਹਾ ਕਿ ਚੰਗੀ ਖੁਰਾਕ ਤੰਦਰੁਸਤ ਤੇ ਸਿਹਤਮੰਦ ਜੀਵਨ ਦਾ ਆਧਾਰ ਹੁੰਦੀ ਹੈ। ਪਰ ਅੱਜ-ਕੱਲ੍ਹ ਗੈਰ ਸਿਹਤਮੰਦ ਭੋਜਨ ਦੀ ਵਰਤੋਂ ਬਹੁਤ ਵਧ ਚੁੱਕੀ ਹੈ, ਜੋ ਗੈਰ ਸੰਚਾਰੀ ਬਿਮਾਰੀਆਂ ਦਾ ਕਾਰਨ ਬਣਦੇ ਹਨ। ਇਸ ਲਈ ਜ਼ਰੂਰੀ ਹੈ ਕਿ ਅਜਿਹੇ ਭੋਜਨ ਦੀ ਵਰਤੋਂ ਤੋਂ ਪ੍ਰਹੇਜ਼ ਕੀਤਾ ਜਾਵੇ ਤੇ ਪੌਸ਼ਟਿਕ ਸੰਤੁਲਤ ਭੋਜਨ ਦੀ ਵਰਤੋਂ ਕੀਤੀ ਜਾਵੇ। ਬੀਈਈ ਮਨਬੀਰ ਸਿੰਘ ਨੇ ਕਿਹਾ ਕਿ ਗਰਭਵਤੀਆਂ ਨੂੰ ਪੌਸ਼ਟਿਕ ਆਹਾਰ ਦੀ ਵਰਤੋਂ ਵਧੇਰੇ ਕਰਨੀ ਚਾਹੀਦੀ ਹੈ, ਜੋ ਗਰਭ 'ਚ ਪਲ ਰਹੇ ਬੱਚੇ ਦੇ ਵਿਕਾਸ ਲਈ ਬਹੁਤ ਜ਼ਰੂਰੀ ਹੈ। ਵੱਖ-ਵੱਖ ਪਿੰਡਾਂ ਦੇ ਸਿਹ

page-6-7-(SEP)-2023-G-(BV).qxd 9/6/2023 9:03 PM Page 1



# ਸੀ ਪੀ ਐੱਮ ਨੇ ਦਿੱਤਾ ਮੰਗ ਪੱਤਰ

*ਤਹਿਸੀਲਦਾਰ ਸ਼ਾਹਕੋਟ ਹਰਮਿੰਦਰ ਸਿੰਘ ਨੂੰ ਮੰਗ ਪੱਤਰ ਸੌਂਪਦੇ ਹੋਏ ਸੀ. ਪੀ. ਆਈ (ਐਮ) ਦੇ ਆਗੂ।*

ਸ਼ਾਹਕੋਟ (ਗਿਆਨ ਸੈਦਪੁਰੀ)ਮਹਿੰਗਾਈ, ਬੇਰੁਜਗਾਰੀ, ਕੁਰੱਪਸ਼ਨ ਆਦਿ ਵਿਰੁੱਧ ਅਤੇ ਹੜ੍ਹਾਂ ਨਾਲ ਹੋਈ ਤਬਾਹੀ ਦੀ ਭਰਪਾਈ ਕਰਵਾਉਣ ਲਈ ਸੀ. ਪੀ. ਆਈ (ਐਮ) ਵੱਲੋਂ ਜਨਤਕ ਲਾਮਬੰਦੀ ਦੇ ਸਿਲਸਿਲੇ ਅਧੀਨ ਪਾਰਟੀ ਦੀ ਸ਼ਾਹਕੋਟ ਇਕਾਈ ਨੇ ਵੱਖ ਵੱਖ ਮੰਗਾਂ ਸਬੰਧੀ ਮੁੱਖ ਮੰਤਰੀ ਪੰਜਾਬ ਨੂੰ ਐਸ. ਡੀ. ਐਮ ਸ਼ਾਹਕੋਟ ਰਾਹੀਂ ਮੰਗ ਪੱਤਰ ਦਿੱਤਾ ਜੋ ਤਹਿਸੀਲਦਾਰ ਹਰਮਿੰਦਰ ਸਿੰਘ ਨੇ ਪ੍ਰਾਪਤ ਕੀਤਾ। ਮੰਗ ਪੱਤਰ ਵਿੱਚ ਹੜ੍ਹਾਂ ਵਿੱਚ ਹੋਏ ਜਾਨੀ ਨੁਕਸਾਨ ਦੀ ਭਰਪਾਈ ਲਈ 20 ਲੱਖ ਪ੍ਰਤੀ ਵਿਅਕਤੀ, ਦੁਧਾਰੂ ਪਸ਼ੂਆਂ ਲਈ ਇੱਕ ਲੱਖ ਪ੍ਰਤੀ ਪਸ਼ੂ ਮੁਆਵਜਾ ਦੇਣ ਦੀ ਮੰਗ ਤੋਂ ਇਲਾਵਾ ਮਹਿੰਗਾਈ ਨੂੰ ਠੱਲ੍ਹ ਪਾਉਣ, ਨਸ਼ੇ ਰੋਕਣ, ਲੋਕਾਂ ਨੂੰ ਚੰਗੀਆਂ ਸਿਹਤ ਸਹੂਲਤਾਂ ਦੇਣ, ਸਰਕਾਰੀ ਅਦਾਰਿਆਂ ਵਿੱਚੋਂ ਕੁਰੱਪਸ਼ਨ ਰੋਕਣ, ਬੇਰੁਜਗਾਰਾਂ ਨੂੰ ਨੌਕਰੀਆਂ ਦੇਣ ਆਦਿ ਮੰਗਾਂ ਪ੍ਰਵਾਨ ਕਰਨ ਲਈ ਲਿਖਿਆ ਗਿਆ ਹੈ। ਇਸ ਮੌਕੇ ਵਰਿੰਦਰਪਾਲ ਕਾਲਾ, ਜਸਕਰਨਜੀਤ ਸਿੰਘ ਕੰਗ, ਬੂੜ ਸਿੰਘ, ਕੇਵਲ ਸਿੰਘ ਦਾਨੇਵਾਲ, ਮੱਖਣ ਸਿੰਘ ਅਤੇ ਹੋਰ ਆਗੂ ਹਾਜਰ ਸਨ।

# ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਅਸਵਾਰਾ ਸਾਹਿਬ ਬਣਾਉਣ ਲਈ ਆਲੀਸ਼ਾਨ ਬੱਸ ਦੀ ਚੈਸੀ ਭੇਟ

**ਮੁਹਾਲੀ (ਗੁਰਜੀਤ ਬਿੱਲਾ)**—ਇੱਥੋਂ ਨੇੜਲੇ ਪਿੰਡ ਸੋਹਾਣਾ ਵਿੱਚ ਸਥਿੱਤ ਇਤਿਹਾਸਕ ਗੁਰਦੁਆਰਾ ਸਿੰਘ ਸ਼ਹੀਦਾਂ ਵਿਖੇ ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅਸਵਾਰਾ ਸਾਹਿਬ ਲਈ ਦਾਨੀ ਸੱਜਣ ਵੱਲੋਂ ਆਲੀਸ਼ਾਨ ਬੱਸ ਦੀ ਚੈਸੀ ਭੇਟ ਕੀਤੀ ਗਈ। ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਬੁਲਾਰੇ ਨੇ ਦੱਸਿਆ ਕਿ ਦਾਨੀ ਸੱਜਣ ਵੱਲੋਂ ਭਾਰਤ ਬੈਂਜ ਕੰਪਨੀ ਦੀ ਚੈਸੀ ਗੁਰਦੁਆਰਾ ਸਾਹਿਬ ਜੀ ਦੇ ਨਿਸ਼ਾਨ ਸਾਹਿਬ ਕੋਲ ਖੜੀ ਕਰਕੇ ਚਾਬੀ ਅਤੇ ਕਾਗਜ਼ਾਤ ਦਫ਼ਤਰ ਵਿੱਚ ਪ੍ਰਬੰਧਕ ਕਮੇਟੀ ਨੂੰ ਦਿੱਤੇ ਗਏ। ਦਾਨੀ ਸਜੱਣ ਵੱਲੋਂ ਆਪਣੀ ਪਹਿਚਾਨ ਗੁਪਤ ਰੱਖਦੇ ਹੋਏ ਪ੍ਰਬੰਧਕ ਕਮੇਟੀ ਨੂੰ ਬੇਨਤੀ ਕੀਤੀ ਕਿ ਇਸ ਚੈਸੀ ਦੀ ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅਸਵਾਰਾ ਸਾਹਿਬ ਲਈ ਆਲੀਸ਼ਾਨ ਪਾਲਕੀ ਸਾਹਿਬ ਵਾਲੀ ਏਅਰ ਕੰਡੀਸ਼ਨਡ ਬੱਸ ਤਿਆਰ ਕਰਵਾਈ ਜਾਵੇ।

ਪਾਲਕੀ ਸਾਹਿਬ ਵਾਲੀ ਬੱਸ ਬਣਾਉਣ 'ਤੇ ਜੋ ਲਾਗਤ ਆਵੇਗੀ ਦਫ਼ਤਰ ਵਿੱਚ ਪਹੁੰਚਾ ਦਿੱਤੀ ਜਾਵੇਗੀ।

ਪ੍ਰਬੰਧਕ ਕਮੇਟੀ ਅਤੇ ਸੇਵਾਦਾਰਾਂ ਵੱਲੋਂ ਇਕੱਠੇ ਹੋ ਕੇ ਕੜਾਹ ਪ੍ਰਸ਼ਾਦਿ ਦੀ ਦੇਗ ਸਜਾ ਕੇ ਅਰਦਾਸੀਆ ਸਿੰਘ ਤੋਂ ਦਾਨੀ ਸੱਜਣ ਦੀ ਚੜ੍ਹਦੀ ਕਲਾ ਲਈ ਅਰਦਾਸ ਕਰਵਾਈ ਗਈ।

# ਐੱਸ ਐੱਸ ਪੀ ਜਲੰਧਰ (ਦਿਹਾਤੀ) ਸਤਲੁਜ ਦਰਿਆ ਕੰਢੇ ਵਾਹਨਾਂ ਦੀ ਕੀਤੀ ਸਪੈਸ਼ਲ ਚੈਕਿੰਗ

ਫਿਲੌਰ (ਨਿਰਮਲ)-ਮੁਖਵਿੰਦਰ ਸਿੰਘ ਭੁੱਲਰ, ਸੀਨੀਅਰ ਪੁਲਿਸ ਕਪਤਾਨ, ਜਲੰਧਰ ਦਿਹਾਤੀ ਦੀ ਅਗਵਾਈ ਵਿੱਚ ਸਿਮਰਨਜੀਤ ਸਿੰਘ ਉਪ ਪੁਲਿਸ ਕਪਤਾਨ, ਸਬ ਡਵੀਜ਼ਨ ਫਿਲੌਰ ਵੱਲੋਂ ਇੰਸਪੈਕਟਰ ਹਰਜਿੰਦਰ ਸਿੰਘ ਮੁੱਖ ਅਫਸਰ ਥਾਣਾ ਫਿਲੌਰ ਅਤੇ ਥਾਣਾ ਫਿਲੌਰ ਦੀ ਫੋਰਸ ਸਮੇਤ ਸਤਲੁਜ ਪੁਲ ਹਾਈਟੈਕ ਨਾਕਾ 'ਤੇ ਨਾਕਾਬੰਦੀ ਕੀਤੀ ਗਈ। ਨਾਕਾਬੰਦੀ ਦੌਰਾਨ ਵਹੀਕਲਾਂ ਦੀ ਚੈਕਿੰਗ ਕੀਤੀ ਗਈ ਅਤੇ ਸ਼ੱਕੀ ਵਿਅਕਤੀਆਂ ਨੂੰ ਚੈਕ ਕੀਤਾ ਗਿਆ। ਚੈਕਿੰਗ ਦੌਰਾਨ ਲਗਭਗ 150 ਵਹੀਕਲਾਂ ਨੂੰ ਚੈਕ ਕੀਤੇ ਗਿਆ। ਇਸ ਤੋਂ ਇਲਾਵਾ 7 ਵਹੀਕਲਾਂ ਨੂੰ ਬੰਦ ਕੀਤਾ ਗਿਆ ਅਤੇ ਕੁੱਲ 23 ਵਹੀਕਲਾਂ ਦੇ ਚਲਾਨ ਕੀਤੇ ਗਏ। ਪ੍ਰੈਸ ਨੂੰ ਜਾਣਕਾਰੀ ਦਿੰਦੇ ਹੋਏ ਸਿਮਰਨਜੀਤ ਸਿੰਘ, ਉਪ ਪੁਲਸ ਕਪਤਾਨ, ਸਬ ਡਵੀਜ਼ਨ ਫਿਲੌਰ, ਜਲੰਧਰ ਦਿਹਾਤੀ ਨੇ ਇਹ ਵੀ ਦੱਸਿਆ ਕਿ ਕਿਸੇ ਨੂੰ ਵੀ ਕਿਸੇ ਕਿਸਮ ਦੀ ਹੁੱਲੜਬਾਜ਼ੀ ਕਰਨ ਜਾਂ ਫਿਰ ਕਾਨੂੰਨ ਨੂੰ ਆਪਣੇ ਹੱਥ ਲੈਣ ਵਾਲਿਆਂ ਨੂੰ ਬਖਸ਼ਿਆ ਨਹੀਂ ਜਾਵੇਗਾ, ਉਸ ਦੇ ਖਿਲਾਫ ਸਖਤ ਕਾਰਵਾਈ ਕੀਤੀ ਜਾਵੇਗੀ।

## ਅਦਾਲਤੀ ਇਸ਼ਤਿਹਾਰ

ਬਾ-ਅਦਾਲਤ ਸ੍ਰੀ ਅਜੈ ਕੁਮਾਰ ਨਾਇਬ-ਤਹਿਸੀਲਦਾਰ ਕਮ-ਸਰਕਲ ਰੇਵੀਨਿਊ ਅਫਸਰ ਅੰਮ੍ਰਿਤਸਰ-2

ਵਿਸ਼ਾ : ਦਰਖਾਸਤ ਬਰਾਏ ਮਾਲ ਰਿਕਾਰਡ ਵਿੱਚ ਨਾਂਅ ਦੀ ਤਬਦੀਲੀ ਕਰਨ ਬਾਰੇ।

ਉਪਰੋਕਤ ਵਿਸ਼ੇ ਦੇ ਸੰਬੰਧ ਵਿੱਚ ਸ੍ਰੀ ਅੰਬਰੀਸ਼ ਮਹਾਜਨ ਪੁੱਤਰ ਸ੍ਰੀ ਸ਼ਿਵ ਮਹਾਜਨ ਵਾਸੀ 4-ਐੱਮ ਗੁਰੂ ਨਾਨਕ ਐਵੇਨਿਊ ਮਜੀਠਾ ਰੋਡ ਅੰਮ੍ਰਿਤਸਰ ਨੇ ਇਸ ਅਦਾਲਤ ਵਿੱਚ ਦਰਖਾਸਤ ਦਿੱਤੀ ਹੈ ਕਿ ਉਸ ਦੀ ਮਾਲਕੀ 1/4 ਹਿੱਸਾ ਪਲਾਟ ਵਾਕਿਆ ਰਕਬਾ ਰੱਖ ਸ਼ਿਕਾਰਗਾਹ ਅਬਾਦੀ ਗਰੀਨ ਲੈਂਡ ਦਾ ਹਿੱਸੇਦਾਰ ਹਾਂ। ਮਾਲ ਰਿਕਾਰਡ ਵਿੱਚ ਉਸ ਦਾ ਨਾਂਅ ਅਮਰੀਸ਼ ਮਹਾਜਨ ਹੈ ਅਤੇ ਮੇਰੇ ਅਧਾਰ ਕਾਰਡ 'ਚ ਮੇਰਾ ਨਾਂਅ ਅੰਬਰੀਸ਼ ਮਹਾਜਨ ਹੈ ਅਤੇ ਇਹ ਦੋਵੇਂ ਨਾਂਅ ਮੇਰੇ ਇੱਕੋ ਵਿਅਕਤੀ ਦੇ ਹਨ। ਸੋ ਮੇਰਾ ਨਾਂਅ ਮਾਲ ਰਿਕਾਰਡ ਵਿੱਚ ਅੰਬਰੀਸ਼ ਮਹਾਜਨ ਉਰਫ ਅਮਰੀਸ਼ ਮਹਾਜਨ ਪੁੱਤਰ ਸ੍ਰੀ ਸ਼ਿਵ ਮਹਾਜਨ ਕੀਤਾ ਜਾਵੇ। ਸੋ ਪੰਜਾਬ ਸਰਕਾਰ ਮਾਲ ਪੁਨਰਵਾਸ ਅਤੇ ਡਿਜ਼ਾਸਟਰ ਮੈਨੇਜਮੈਂਟ ਵਿਭਾਗ (ਭੋਇੰ ਮਾਲੀਆ ਸ਼ਾਖਾ) ਚੰਡੀਗੜ੍ਹ ਜੀ ਦੇ ਦਫਤਰ ਦੇ ਮੀਮੋ ਨੰਬਰ 25/78-2012-ਭਮ-2/12445-71 ਮਿਤੀ 26-07-2013 ਰਾਹੀਂ ਮਾਲ ਰਿਕਾਰਡ ਵਿੱਚ ਨਾਂਅ ਦੀ ਤਬਦੀਲੀ ਦਾ ਅੰਦਰਾਜ਼ ਕਰਨ ਬਾਰੇ ਹਦਾਇਤ ਦੀ ਪਾਲਣਾ ਕਰਦੇ ਹੋਏ ਪੰਜਾਬ ਲੈਂਡ ਰਿਕਾਰਡ ਮੈਨਿਊਅਲ ਦੇ ਪੈਰਾ ਨੰਬਰ 7.28 (2) ਅਨੁਸਾਰ ਦਰਖਾਸਤ ਕਰਤਾ ਮੁਤਾਬਕ ਨਾਂਅ ਤਬਦੀਲ ਅੰਬਰੀਸ਼ ਮਹਾਜਨ ਉਰਫ ਅਮਰੀਸ਼ ਮਹਾਜਨ ਮਾਲ ਰਿਕਰਾਡ ਵਿੱਚ ਕਰਨ ਸੰਬੰਧੀ ਜੇਕਰ ਕਿਸੇ ਨੂੰ ਕੋਈ ਇਤਰਾਜ਼ ਹੈ ਤਾਂ ਇਸ ਨੋਟਿਸ ਛਪਣ ਦੀ ਮਿਤੀ ਤੋਂ 15 ਦਿਨਾਂ ਦੇ ਅੰਦਰ-ਅੰਦਰ ਇਸ ਦਫਤਰ ਵਿੱਚ ਇਤਰਾਜ਼ ਪੇਸ਼ ਕਰ ਸਕਦਾ ਹੈ। ਮਿੱਥੇ ਸਮੇਂ ਤੱਕ ਇਤਰਾਜ਼ ਪ੍ਰਾਪਤ ਨਾ ਹੋਣ ਦੀ ਸੂਰਤ ਵਿੱਚ ਵਿਸ਼ੇ ਅਧੀਨ ਅਗਲੀ ਕਾਰਵਾਈ ਕਰ ਦਿੱਤੀ ਜਾਵੇਗੀ।

ਸਹੀ/-ਸਰਕਲ ਰੇਵਨਿਊ ਅਫਸਰ-ਕਮ-ਤਹਿਸੀਲਦਾਰ, ਅੰਮ੍ਰਿਤਸਰ-2

## COURT NOTICE

In the Court of
**Ms. Divya Sharma**
**Judicial Magistrate-Ist Class Ludhiana.**

Next Date, Purpose of Case, Orders and Judgments as well as other case information is available on http://ecourts.gov.in

CNR No. PBLD03-045944/2021
Next Date : 16.10.2023

**Atam Pargas Social Welfare**
**Versus**
**Gurjinder Singh**

**Publication issued to : Gurjinder Singh S/o Amarjit Singh R/o H.No. 325, Phase Kothi, Bhawani Cotton Mill, Abohar Fazilka-152116**

Whereas it has been proved to the satisfaction of this Court that you, the above named accused/accused persons can't be served in the ordinary way of service. Hence this proclamation under 82 code of criminal procedure is hereby issued against you with a direction that you should appear personally before the court on 16.10.2023 at 10.00 a.m. or within 30 days from the date of publication of this proclamation.

Take notice that, in case of default on your part to appear as directed above said case will be heard and determined as per law, in your absence.

For details logon to : https://highcourtchd.gov.in/?trs=district notice & district=Ludhiana

Judicial Magistrate-Ist Class Ludhiana.

## COURT NOTICE

In the Court of
**Ms. Anuradha**
**Addl. Civil Judge (Senior Division), Patiala.**

CNR No. PBPTB0-000617-2023
Next Date : 4.10.2023

**Harinder Singh**
**Versus**
**General Public**

**Publication issued to : General Public, General Public**

In above titled case, the defendant (s)/respondent (s) could not be served. It is ordered that defendant (s)/respondent (s) should appear in person or through counsel on 4.10.2023 at 10.00 a.m.

For details logon to https://highcourtchd.gov.in/?trs=district notice&district=Patiala

Addl. Civil Judge (Senior Division), Patiala

Dated, this day of 5.9.2023

## COURT NOTICE

In the Court of
**Ms. Divya Sharma**
**Judicial Magistrate-Ist Class Ludhiana.**

Next Date, Purpose of Case, Orders and Judgments as well as other case information is available on http://ecourts.gov.in

CNR No. PBLD03-046979/2021
Next Date : 7.10.2023

**M/S Indian Marketing**
**Versus**
**M/S**
**S.K. Traders**

**Publication issued to : (1) M/S S.K. Traders, Moga, Chowk Kot Ise Khan, Kotakapura Road, Moga, Punjab-142001, through its Proprietor Sh. Surinder Kumar (2) Surinder Kumar Proprietor of M/S S.K. Traders Moga, Chowk Kot Ise Khan Kotakapura Road, Moga, Punjab-142001**

Whereas it has been proved to the satisfaction of this Court that you, the above named accused/accused persons can't be served in the ordinary way of service. Hence this proclamation under 82 code of criminal procedure is hereby issued against you with a direction that you should appear personally before the court on 7.10.2023 at 10.00 a.m. or within 30 days from the date of publication of this proclamation.

Take notice that, in case of default on your part to appear as directed above said case will be heard and determined as per law, in your absence.

For details logon to : https://highcourtchd.gov.in/?trs=district notice & district=Ludhiana

Judicial Magistrate-Ist Class Ludhiana.

## COURT NOTICE

In the Court of
**Ms. Rajwinder Kaur-II, Civil Judge (Junior Division), Ludhiana.**

CNR No. PBLD02-004641-2019
Next Date : 12.10.2023

**State Bank of India**
**Versus**
**Rajesh Kumar**

**Publication issued to : Rajesh Kumar H.No. 265, 27' Road, Street No. 4, Guru Nanak Nagar, Near Rakesh Sharma, Reporter Dainik Jagran, Kuliawal, Bhamian Road, Ludhiana IInd Address AV Dress Material Store, Opp. Raj Dry Cleaners, Jamalpur Chowk, Chandigarh Road, Ludhiana.**

In above titled case, the defendant (s)/respondent (s) could not be served. It is ordered that defendant (s)/respondent (s) should appear in person or through counsel on 12.10.2023 at 10.00 a.m.

For details logon to https://highcourtchd.gov.in/?trs=district notice & district=Ludhiana

Civil Judge (Junior Division), Ludhiana.

Dated, this day of 23.8.2023

## COURT NOTICE

In the Court of
**Ms. Divya Sharma**
**Judicial Magistrate-Ist Class Ludhiana.**

Next Date, Purpose of Case, Orders and Judgments as well as other case information is available on http://ecourts.gov.in

CNR No. PBLD03-026289/2019
Next Date : 7.10.2023

**M/S Dharmaya Enterprises**
**Versus**
**M/S Guru Angad Trading Company**

**Publication issued to : (1) M/S Guru Angad Trading Company Goindwal Road, Khandoor Sahib Tarn Taran, through its Prop/ Partner/ Authorised Signatory Sh. Paramjit Singh (2) Paramjit Singh Prop/ Partner/Authorised Signatory M/S Guru Angad Trading Company, Goindwal Road, Khandoor Sahib Tarn Taran.**

Whereas it has been proved to the satisfaction of this Court that you, the above named accused/accused persons can't be served in the ordinary way of service. Hence this proclamation under 82 code of criminal procedure is hereby issued against you with a direction that you should appear personally before the court on 17.10.2023 at 10.00 a.m. or within 30 days from the date of publication of this proclamation.

Take notice that, in case of default on your part to appear as directed above said case will be heard and determined as per law, in your absence.

For details logon to : https://highcourtchd.gov.in/?trs=district notice & district=Ludhiana

Judicial Magistrate-Ist Class Ludhiana.

## COURT NOTICE

In the Court of
**Ms. Sanjeeta**
**Addl. Principal Judge Family Court, Baba Bakala, Amritsar.**

CNR No. PBASF3-000742-2019
Next Date : 26.9.2023

**Sandeep Singh S/o Gurdeep Singh R/o Vill. Baba Bakala Sahib, Patti Bhole Ki, Distt. Amritsar through his special power of attorney holder namely Dalip Kaur W/o Gurdeep Singh.**

**Versus**
**Manpreet Kaur**

**Petition under section 13 of the Hindu Marriaga Act 1955 as amended upto date for the dissolution of marriage on the ground of cruelty and desertion.**

**Publication issued to : Manpreet Kaur D/o Jarnail Singh W/o Sandeep Singh R/o Shiv Pur House No. 1, Model Town, Jalandhar.**

In above titled case, the defendant (s)/respondent (s) could not be served. It is ordered that defendant (s)/respondent (s) should appear in person or through counsel on 26.9.2023 at 10.00 a.m.

For details logon to https://highcourtchd.gov.in/?trs=district notice & district=Amritsar

Addl. Principal Judge Family Court, Baba Bakala, Amritsar.

Dated, this day of 5.9.2023

# ਕਲਾਸੀਫਾਈਡ ਇਸ਼ਤਿਹਾਰ

## Public Notice

**I, Dhian Singh 76 Years S/o Mohinder Singh R/o H.No. 67, Gautam Nagar, Po. Basti Bawa Khal, Jalandhar, Punjab, have debar my son Avtar Singh & his wife Navneet Kaur & his son Arab Singh moveable from my whole or immoveable properties due to their rude behaviour & Demand of properties. All Please Note.**

**I, Surjit Rani W/o Kamlesh Ram R/o VPO.Parsrampur, Distt. Jalandhar, Punjab declare that my son Sahil Kauldhar is out of my control. I disinherit him from my moveable and immovable properties. I and my family shall not be held responsible for any of his acts, deeds and things. All please note.**

**I, Sanjeev Sharma S/o Subhash Chander Sharma R/o H.No. 100/1, Bachint Nagar, Po. Nurpur, Reru, Distt. Jalandhar, Punjab declare that my son Gitesh Sharma is out of my control. I disinherit him from my moveable and immovable properties. I and my family shall not be held responsible for any of his acts, deeds and things. All please note.**

## ਆਮ ਸੂਚਨਾ

ਅਵਤਾਰ ਸਿੰਘ ਪੁੱਤਰ ਜੀਵਨ ਸਿੰਘ, ਵਾਸੀ ਗੱਗੜਭਾਣਾ ਨਾਮ ਚੱਲਦਾ ਟਿਊਬਵੈਲ ਕੁਨੈਕਸ਼ਨ ਏ.ਪੀ. 10/1810 ਨੂੰ ਰੇਸ਼ਮ ਸਿੰਘ ਪੁੱਤਰ ਅਵਤਾਰ ਸਿੰਘ, ਪਿੰਡ ਗੱਗੜਭਾਣਾ ਨਾਮ ਕਰਨ ਦੀ ਦਰਖਾਸਤ ਹੈ। ਇਤਰਾਜ 15 ਦਿਨਾਂ ਅੰਦਰ ਦਫਤਰ ਪਾਵਰਕਾਮ ਬਾਬਾ ਬਕਾਲਾ ਪੁਜੱਣ।

ਅਵਤਾਰ ਸਿੰਘ ਪੁੱਤਰ ਜੀਵਨ ਸਿੰਘ, ਵਾਸੀ ਗੱਗੜਭਾਣਾ ਨਾਮ ਚੱਲਦਾ ਟਿਊਬਵੈਲ ਕੁਨੈਕਸ਼ਨ ਏ.ਪੀ. 10/1809 ਨੂੰ ਹਰਭੇਜ ਸਿੰਘ ਪੁੱਤਰ ਅਵਤਾਰ ਸਿੰਘ, ਪਿੰਡ ਗੱਗੜਭਾਣਾ ਨਾਮ ਕਰਨ ਦੀ ਦਰਖਾਸਤ ਹੈ। ਇਤਰਾਜ 15 ਦਿਨਾਂ ਅੰਦਰ ਦਫਤਰ ਪਾਵਰਕਾਮ ਬਾਬਾ ਬਕਾਲਾ ਪੁਜੱਣ।

ਟਿਊਬਵੈੱਲ ਕੁਨੈਕਸ਼ਨ ਖਾਤਾ ਨੰ: ਐਕਸ 11 ਏ ਪੀ 380456 ਐੱਮ (ਯੂ 7542) (ਸੀ ਏ ਨੰ: 3004472241) 20.00 ਬੀ ਐੱਚ ਪੀ ਜੋ ਕਿ ਸ੍ਰੀ ਫਕੀਰ ਸਿੰਘ ਪੁੱਤਰ ਸ੍ਰੀ ਬਾਵਾ ਸਿੰਘ ਪਿੰਡ ਉੱਗੀ ਜ਼ਿਲ੍ਹਾ ਜਲੰਧਰ ਦੇ ਨਾਂਅ 'ਤੇ ਚੱਲ ਰਹੇ ਹਨ। ਇਹ ਕੁਨੈਕਸ਼ਨ ਪਿੰਡ ਉੱਗੀ ਜ਼ਿਲ੍ਹਾ ਜਲੰਧਰ ਵਿੱਚ ਮੌਜੂਦ ਹੈ। ਇਹ ਕੁਨੈਕਸ਼ਨ ਸ੍ਰੀ ਸੁਖਜੀਤ ਸਿੰਘ ਭੱਟੀ ਪੁੱਤਰ ਸ੍ਰੀ ਸੁਰਿੰਦਰ ਸਿੰਘ ਵਾਸੀ ਪਿੰਡ ਚੂਹੜ ਜ਼ਿਲ੍ਹਾ ਜਲੰਧਰ ਨੇ ਆਪਣੇ ਨਾਂਅ ਕਰਵਾਉਣ ਲਈ ਦਰਖਾਸਤ ਇਸ ਦਫਤਰ ਵਿਖੇ ਪੇਸ਼ ਕੀਤੀ ਹੈ। ਇਸ ਸੰਬੰਧੀ ਜੇਕਰ ਕਿਸੇ ਨੂੰ ਇਤਰਾਜ਼ ਹੋਵੇ ਤਾਂ ਆਪਣਾ ਇਤਰਾਜ਼ਨਾਮਾ ਇਸ ਨੋਟਿਸ ਦੇ ਜਾਰੀ ਹੋਣ ਤੋਂ 15 ਦਿਨਾਂ ਦੇ ਅੰਦਰ-ਅੰਦਰ ਨਿਮਨ ਹਸਤਾਖਰਕਰਤਾ ਨੂੰ ਇਸ ਦਫਤਰ ਵਿੱਚ ਜਮ੍ਹਾਂ ਕਰਵਾਓ। ਸਹਾਇਕ ਕਾਰਜਕਾਰੀ ਇੰਜੀ:/ਵੰਡ, ਪੀ ਐੱਸ ਪੀ ਸੀ ਐੱਲ ਉੱਪ ਮੰਡਲ ਕਾਲਾ ਸੰਘਿਆਂ।

ਇੱਕ ਟਿਊਬਵੈੱਲ ਕੁਨੈਕਸ਼ਨ ਖਾਤਾ ਨੰ: ਏ ਪੀ 03/1003, 6 ਹਾਰਸ ਪਾਵਰ ਜੋ ਗੁਰਪਿੰਦਰ ਸਿੰਘ ਪੁੱਤਰ ਬੀਰ ਸਿੰਘ ਵਾਸੀ ਟਾਹਲੀ ਸਾਹਿਬ, ਕੁਨੈਕਸ਼ਨ ਪਿੰਡ ਭੀਲੋਵਾਲ ਵਿਖੇ ਚੱਲ ਰਿਹਾ ਹੈ। ਹੁਣ ਇਹ ਕੁਨੈਕਸ਼ਨ ਮਨਜੀਤ ਕੌਰ ਪਤਨੀ ਸੁਖਵਿੰਦਰ ਸਿੰਘ ਵਾਸੀ ਡੋਹਰੀਕੇ, ਡਾਕ: ਭੀਲੋਵਾਲ, ਬਲਾਕ ਮਜੀਠਾ, ਅੰਮ੍ਰਿਤਸਰ ਦੇ ਨਾਂਅ 'ਤੇ ਤਬਦੀਲ ਹੋਣ ਜਾ ਰਿਹਾ ਹੈ। ਜੇ ਇਸ ਨਾਂਅ ਦੇ ਤਬਦੀਲ ਹੋਣ ਸੰਬੰਧੀ ਕਿਸੇ ਨੂੰ ਇਤਰਾਜ਼ ਹੋਵੇ ਤਾਂ ਉਹ ਆਪਣਾ ਇਤਰਾਜ਼ 7 ਦਿਨ ਦੇ ਅੰਦਰ-ਅੰਦਰ ਪੰਜਾਬ ਬਿਜਲੀ ਬੋਰਡ ਪਾਵਰਕਾਮ ਨਵਾਂ ਪਿੰਡ ਨਾਲ ਸੰਪਰਕ ਕਰ ਸਕਦਾ ਹੈ। (ਕੋ-2944)

ਹਰ ਆਮ ਅਤੇ ਖਾਸ ਨੂੰ ਸੂਚਿਤ ਕੀਤਾ ਜਾਦਾ ਹੈ ਕਿ ਪਲਾਟ ਨੰ. 208 ਰਕਬਾ 4 ਮਰਲਾ 12 ਸਕੇਅਰ ਫੁੱਟ ਦੀ ਰਜਿਸਟਰੀ ਜੋ ਕਿ ਸੁਰਜੀਤ ਕੌਰ ਪਤਨੀ ਮੁਲਖ ਰਾਜ ਵਾਸੀ ਮਕਾਨ ਨੰ. 4380-ਬੀ, ਸੈਕਟਰ-46-ਡੀ, ਚੰਡੀਗੜ੍ਹ ਪਿੰਨ-160047 ਦੇ ਨਾਮ ਤੇ ਰਜਿਸਟਰਡ ਹੈ। ਕਿਤੇ ਗੁੰਮ ਹੋ ਗਈ ਹੈ। ਜੇਕਰ ਕਿਸੇ ਨੂੰ ਵੀ ਮਿਲੇ ਤਾਂ ਪਿੰਡ ਲੱਧੇਵਾਲੀ, ਜ਼ਿਲਾ ਜਲੰਧਰ ਸੰਪਰਕ ਕਰ ਸਕਦਾ ਹੈ। ਸੰਬੰਧਿਤ ਨੋਟ ਕਰਨ।

## ਬੇਦਖਲੀ ਨੋਟਿਸ

ਮੈਂ, ਜਸਵੀਰ ਕੌਰ ਪਤਨੀ ਲੇਟ ਸੁਰਿੰਦਰ ਸਿੰਘ ਵਾਸੀ ਪਿੰਡ ਚਾਹਲ, ਡਾਕ. ਬਾਇਚ ਬਾਜਾ, ਤਹਿਸੀਲ ਟਾਂਡਾ, ਜ਼ਿਲ੍ਹਾ ਹੁਸ਼ਿਆਰਪੁਰ ਸੂਚਿਤ ਕਰਦੀ ਹਾਂ ਕਿ ਮੇਰਾ ਲੜਕਾ ਨਵਜੋਤ ਸਿੰਘ ਉਰਫ ਜੋਤੀ ਮੇਰੇ ਅਤੇ ਮੇਰੇ ਪਰਵਾਰ ਦਾ ਕਹਿਣੇ ਤੋਂ ਬਾਹਰ ਹੈ। ਇਸ ਲਈ ਮੈਂ ਉਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਜੋ ਵੀ ਉਸ ਨਾਲ ਲੈਣ-ਦੇਣ ਕਰੇਗਾ, ਉਹ ਖੁਦ ਜ਼ਿੰਮੇਵਾਰ ਹੋਵੇਗਾ। ਸੰਬੰਧਤ ਨੋਟ ਕਰਨ। (ਪ੍ਰਦੀਪ)

ਅਸੀਂ, ਗੁਰਦੇਵ ਸਿੰਘ ਪੁੱਤਰ ਅਜੀਤ ਸਿੰਘ ਅਤੇ ਕੁਲਦੀਪ ਕੌਰ ਪਤਨੀ ਗੁਰਦੇਵ ਸਿੰਘ ਵਾਸੀਆਨ ਮਕਾਨ ਨੰ. 177-ਬੀ, ਰਾਣਾ ਗਾਰਡਨ, ਮਹਿਤਾ ਰੋਡ, ਭਾਈ ਲਾਲੋ ਜੀ ਨਗਰ, ਅੰਮ੍ਰਿਤਸਰ ਸੂਚਿਤ ਕਰਦੇ ਹਾਂ ਕਿ ਸਾਡਾ ਲੜਕਾ ਮਨਪ੍ਰੀਤ ਸਿੰਘ ਅਤੇ ਉਸ ਦੀ ਪਤਨੀ ਬਲਜੀਤ ਕੌਰ ਸਾਡੇ ਕਹਿਣੇਕਾਰ ਤੋਂ ਬਾਹਰ ਹਨ। ਇਸ ਲਈ ਅਸੀਂ ਇਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੇ ਹਾਂ। ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਸੰਬੰਧਤ ਨੋਟ ਕਰਨ। (ਨਾਰੰਗ)

ਮੈਂ, ਸੁਰਿੰਦਰ ਕੌਰ ਪਤਨੀ ਲੇਟ ਸੁਖਦੇਵ ਸਿੰਘ ਵਾਸੀ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਬਜ਼ਾਰ ਕਸ਼ਮੀਰੀਆਂ, ਜੰਡਿਆਲਾ ਗੁਰੂ, ਅੰਮ੍ਰਿਤਸਰ ਸੂਚਿਤ ਕਰਦੀ ਹਾਂ ਕਿ ਮੇਰੇ ਲੜਕੇ ਰਾਜਿੰਦਰ ਸਿੰਘ 

7-SEP-PAGE-7.qxd 9/6/2023 8:31 PM Page 1



# ਥਰਮਲ ਦੇ ਠੇਕਾ/ਆਊਟਸੋਰਸਡ ਮੁਲਾਜ਼ਮਾਂ ਨੇ ਪੰਜਾਬ ਸਰਕਾਰ ਦੀ ਅਰਥੀ ਸਾੜੀ

**ਲਹਿਰਾ ਮੁਹੱਬਤ, (ਭੀਮ ਸੈਨ ਹਦਵਾਰੀਆ)** ਪੰਜਾਬ ਸਰਕਾਰ ਵੱਲੋਂ ਮਿਹਨਤਕਸ਼ ਰੈਗੂਲਰ ਅਤੇ ਠੇਕਾ ਮੁਲਾਜ਼ਮਾਂ ਦੇ ਹੱਕੀ ਸੰਘਰਸ਼ਾਂ ਨੂੰ ਕੁਚਲਣ ਦੀ ਨੀਅਤ ਨਾਲ਼ ਲਾਗੂ ਕੀਤੇ ਕਾਲੇ ਕਾਨੂੰਨ 'ਐਸਮਾ' ਦੇ ਵਿਰੋਧ ਵਜੋਂ ਰੈਗੂਲਰ ਤੇ ਆਊਟਸੋਰਸਡ ਠੇਕਾ ਮੁਲਾਜ਼ਮਾਂ ਵੱਲੋਂ ਥਰਮਲ ਪਲਾਂਟ ਦੇ ਮੁੱਖ ਗੇਟ 'ਤੇ ਪੰਜਾਬ ਸਰਕਾਰ ਦੀ ਅਰਥੀ ਸਾੜੀ ਗਈ।

ਪ੍ਰਧਾਨ ਜਗਰੂਪ ਸਿੰਘ, ਜਰਨਲ ਸਕੱਤਰ ਜਗਸੀਰ ਸਿੰਘ ਭੰਗੂ, ਇਨਕਲਾਬੀ ਕੇਂਦਰ ਦੇ ਸੂਬਾਈ ਜਗਜੀਤ ਸਿੰਘ, ਪਰਮਿੰਦਰ ਸਿੰਘ ਸਬ ਡਵੀਜ਼ਨ ਪ੍ਰਧਾਨ ਤੇ ਹਰਬੰਸ ਸਿੰਘ ਸ਼ਹਿਰੀ ਸਬ-ਡਵੀਜ਼ਨ ਪ੍ਰਧਾਨ ਟੀ.ਐੱਸ.ਯੂ. ਭੰਗਲ ਤੇ ਹਰਜਸ ਸਿੰਘ ਮਹਿਰਾਜ ਡਵੀਜ਼ਨ ਪ੍ਰਧਾਨ ਇੰਪਲਾਈਜ਼ ਫੈਡਰੇਸ਼ਨ ਪੰਜਾਬ ਨੇ ਸੰਬੋਧਨ ਕਰਦਿਆਂ ਕਿਹਾ ਕਿ ਪੰਜਾਬ ਦੇ ਰੈਗੂਲਰ, ਆਊਟਸੋਰਸਡ/ਇਨਲਿਸਟਮੈਂਟ ਠੇਕਾ ਮੁਲਾਜ਼ਮਾਂ ਸਮੇਤ ਸਮੂਹ ਮਿਹਨਤਕਸ਼ ਤਬਕਾ ਕੇਂਦਰ ਅਤੇ ਰਾਜ ਸਰਕਾਰ ਦੀਆਂ ਕਾਰਪੋਰੇਟ ਪੱਖੀ ਨੀਤੀਆਂ ਦੀ ਮਾਰ ਤੋਂ ਨਹੀਂ ਬਚਿਆ, ਇਹ ਸਾਰੇ ਹੀ ਹਿੱਸੇ ਕਾਰਪੋਰੇਟ-ਪੱਖੀ ਲੁੱਟ ਅਤੇ ਮੁਨਾਫ਼ੇ ਦੀਆ ਲੋੜਾਂ ਵਿੱਚੋਂ ਤੈਅ ਕੀਤੀਆਂ ਨੀਤੀਆਂ ਦੀ ਬੇਰਹਿਮ ਲੁੱਟ ਦਾ ਸੇਕ ਹੰਢਾ ਰਹੇ ਹਨ। ਇੱਕ ਪਾਸੇ ਪੱਕੇ ਕੰਮ ਖੇਤਰ ਵਿੱਚ ਪੱਕੇ ਰੁਜ਼ਗਾਰ ਦੀ ਨੀਤੀ ਨੂੰ ਰੱਦ ਕਰਕੇ ਆਊਟਸੋਰਸਡ ਅਤੇ ਇਨਲਿਸਟਮੈਂਟ ਠੇਕਾ ਮੁਲਾਜ਼ਮਾਂ ਨੂੰ ਰੈਗੂਲਰ ਨਹੀਂ ਕੀਤਾ ਜਾ ਰਿਹਾ ਅਤੇ ਤਨਖਾਹ ਕਾਨੂੰਨ ਵਿੱਚ ਸੋਧ ਕਰਕੇ ਮੁਨਾਫ਼ੇ ਨੂੰ ਮੁੱਖ ਰੱਖ ਕੇ ਤੈਅ ਨਿਗੂਣੀਆਂ ਉਜਰਤਾਂ ਲਾਗੂ ਕਰਕੇ ਆਊਟਸੋਰਸਡ ਠੇਕਾ ਮੁਲਾਜ਼ਮਾਂ ਦੀ ਬੇਰਹਿਮ ਲੁੱਟ ਕੀਤੀ ਜਾ ਰਹੀ ਹੈ, ਦੂਜੇ ਪਾਸੇ ਪੱਕੀ ਭਰਤੀ 'ਤੇ ਪਾਬੰਦੀ ਲਾ ਕੇ ਪਰਖ਼ ਕਾਲ ਨੂੰ ਲੁੱਟ ਦੀ ਲੋੜ ਮੁਤਾਬਿਕ ਲੰਬਾ ਕਰਕੇ ਉੱਚ ਯੋਗਤਾ ਰੱਖਦੇ ਮੁਲਾਜ਼ਮਾਂ ਨੂੰ ਹੇਠਲੇ ਅਹੁਦਿਆਂ 'ਤੇ ਭਰਤੀ ਕਰਕੇ ਘੱਟ ਤਨਖਾਹ 'ਤੇ ਵਾਧੂ ਕੰਮ ਲੈਣ ਦੀ ਮੁਨਾਫ਼ੇ ਦੀ ਨੀਤੀ ਲਾਗੂ ਕੀਤੀ ਹੋਈ ਹੈ।

ਵੱਖ-ਵੱਖ ਕਿਸਮ ਦੇ ਬਹਾਨਿਆਂ ਹੇਠ ਬਣਦੀ ਤਨਖਾਹ ਦੀ ਅਦਾਇਗੀ ਵੀ ਰੋਕ ਲਈ ਗਈ ਹੈ। ਇਸ ਤੋਂ ਵੀ ਅੱਗੇ ਵੱਖ-ਵੱਖ ਸਰਕਾਰੀ ਵਿਭਾਗਾਂ ਦੇ ਆਊਟਸੋਰਸਡ ਅਤੇ ਇਨਲਿਸਟਮੈਂਟ ਠੇਕਾ ਮੁਲਾਜ਼ਮਾਂ ਨੂੰ ਵਿਭਾਗਾਂ ਵਿੱਚ ਰੈਗੂਲਰ ਕਰਨ ਦੀ ਬਿਜਾਏ ਸਮੂਹ ਸਰਕਾਰੀ ਵਿਭਾਗਾਂ ਵਿੱਚ ਸੇਵਾ ਮੁਕਤ ਮੁਲਾਜ਼ਮਾਂ ਨੂੰ ਠੇਕੇ 'ਤੇ ਭਰਤੀ ਕੀਤਾ ਜਾ ਰਿਹਾ ਹੈ। ਇਸ ਦੇ ਵਿਰੁੱਧ 'ਚ ਰੈਗੂਲਰ ਅਤੇ ਠੇਕਾ ਮੁਲਾਜ਼ਮਾਂ ਵੱਲੋਂ ਕੀਤੇ ਜਾ ਰਹੇ ਲਗਾਤਾਰ ਸੰਘਰਸ਼ਾਂ ਤੋਂ ਕੋਈ ਸਬਕ ਲੈ ਕੇ ਗੱਲਬਾਤ ਰਾਹੀਂ ਮੁਲਾਜ਼ਮ ਮੰਗਾਂ ਦਾ ਕੋਈ ਹੱਲ ਕਰਨ ਦੀ ਥਾਂ ਪੰਜਾਬ ਸਰਕਾਰ ਗੱਲਬਾਤ ਕਰਨ ਤੋਂ ਵੀ ਭਗੌੜੀ ਹੋ ਚੁੱਕੀ ਹੈ। ਇਹ ਹਮਲਾ ਸਿਰਫ਼ ਇਥੋਂ ਤੱਕ ਹੀ ਸੀਮਤ ਨਹੀਂ, ਇਸ ਤੋਂ ਵੀ ਅੱਗੇ ਸਰਕਾਰ ਵੱਲੋਂ ਪੁਲਿਸ ਜਬਰ ਦੇ ਜ਼ੋਰ ਤੇ ਜਾਬਰ 'ਐਸਮਾ' ਵਰਗੇ ਕਾਲੇ ਕਾਨੂੰਨ ਨੂੰ ਲਾਗੂ ਕਰਕੇ ਸਮੂਹ ਰੈਗੂਲਰ ਅਤੇ ਠੇਕਾ ਮੁਲਾਜ਼ਮਾਂ ਦੇ ਵਿਰੋਧ ਪ੍ਰਗਟਾਵੇ ਦੇ ਅਧਿਕਾਰ ਨੂੰ ਵੀ ਪੰਜਾਬ ਸਰਕਾਰ ਖ਼ਤਮ ਕਰਨ ਦੇ ਰਾਹ ਵੱਲ ਤੁਰੀ ਹੋਈ ਹੈ। 'ਐਸਮਾ' ਦੇ ਵਿਰੋਧ ਵਿੱਚ ਪੰਜਾਬ ਭਰ ਵਿੱਚ ਸੂਬਾ ਸਰਕਾਰ ਦੇ ਅਰਥੀ ਫੂਕ ਮੁਜ਼ਾਹਰੇ ਕੀਤੇ ਗਏ ਹਨ।

ਆਗੂਆਂ ਨੇ ਕਿਹਾ ਕਿ ਅੱਜ ਦਾ ਇਹ ਸੰਘਰਸ਼ ਸੱਦਾ ਸਿਰਫ਼ ਸਰਕਾਰ ਨੂੰ ਜਬਰ ਅਤੇ ਧੋਖੇ ਦਾ ਕਾਰਪੋਰੇਟ ਪੱਖੀ ਸੇਵਾ ਦਾ ਰਾਹ ਛੱਡ ਕੇ ਮੁਲਾਜ਼ਮਾਂ ਦੀਆਂ ਮੰਗਾਂ ਦਾ ਹੱਲ ਕਰਨ ਲਈ ਸਰਕਾਰ ਨੂੰ ਇੱਕ ਸੁਣਾਉਣੀ ਹੈ। ਜੇਕਰ ਪੰਜਾਬ ਸਰਕਾਰ ਨੇ ਇਸ ਸੰਘਰਸ਼ ਤੋਂ ਸਬਕ ਲੈ ਕੇ ਮੰਗਾਂ ਦਾ ਕੋਈ ਹੱਲ ਨਾ ਕੀਤਾ ਤਾਂ ਆਉਣ ਵਾਲੇ ਦਿਨਾਂ ਵਿੱਚ ਸੰਘਰਸ਼ ਦੇ ਘੇਰੇ ਵਿਸ਼ਾਲ ਕਰਕੇ ਹੋਰ ਵੀ ਤਿੱਖਾ ਤੇ ਤੇਜ਼ ਕੀਤਾ ਜਾਵੇਗਾ, ਜਿਸ ਦੀ ਸਾਰੀ ਜ਼ਿੰਮੇਵਾਰੀ ਪੰਜਾਬ ਸਰਕਾਰ ਦੀ ਹੋਵੇਗੀ।

## ਇੰਗਲੈਂਡ 'ਚ ਪੱਕਾ ਕਰਾਉਣ ਦੇ ਨਾਂਅ 'ਤੇ ਧੋਖਾਧੜੀ ਕਰਨ ਦੇ ਕੇਸ 'ਚ ਮਾਂ-ਪੁੱਤ ਨਾਮਜ਼ਦ

**ਸ੍ਰੀ ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)** -ਇੰਗਲੈਂਡ ਗਏ ਲੜਕੇ ਨਾਲ ਵਿਆਹ ਕਰਾ ਕੇ ਉਸਨੂੰ ਪੱਕਾ ਕਰਾਉਣ ਦੇ ਨਾਂਅ 'ਤੇ ਲੜਕੀ ਦੇ ਰਿਸ਼ਤੇਦਾਰਾਂ ਨਾਲ ਹੋਈ ਕਥਿਤ ਸੌਦੇਬਾਜ਼ੀ ਦੇ ਇੱਕ ਮਾਮਲੇ 'ਚ ਮੰਡੀ ਗੋਬਿੰਦਗੜ੍ਹ ਪੁਲਸ ਵੱਲੋਂ ਇੱਕ ਔਰਤ ਅਤੇ ਉਸਦੇ ਲੜਕੇ ਵਿਰੁੱਧ ਮੁਕੱਦਮਾ ਦਰਜ ਕੀਤੇ ਜਾਣ ਦਾ ਸਮਾਚਾਰ ਹੈ। ਪੁਲਸ ਨੂੰ ਦਿੱਤੀ ਸ਼ਿਕਾਇਤ 'ਚ ਸ਼ਾਹਬਾਦ ਮਾਰਕੰਡਾ (ਹਰਿਆਣਾ) ਦੀ ਰਹਿਣ ਵਾਲੀ ਕਮਲੇਸ਼ ਰਾਣੀ ਨੇ ਦੱਸਿਆ ਸੀ ਕਿ ਉਸਦਾ ਲੜਕਾ ਅਮਿਤ ਕੁਮਾਰ ਇੰਗਲੈਂਡ ਗਿਆ ਹੋਇਆ ਹੈ, ਜਿੱਥੇ ਉਸਦੀ ਜਾਣ-ਪਛਾਣ ਰੀਨਾ ਸੋਹਲ ਦੀ ਨਨਾਣ ਦੀ ਲੜਕੀ ਨਿਧੀ ਨਾਲ ਹੋ ਗਈ, ਜਿਸ ਨੇ ਉਸ ਨੂੰ ਪੱਕਾ ਕਰਾਉਣ ਦੀ ਗੱਲ ਕੀਤੀ ਤਾਂ ਸ਼ਿਕਾਇਤਕਰਤਾ ਵੱਲੋਂ ਰੀਨਾ ਸੋਹਲ ਤੇ ਉਸਦੇ ਲੜਕੇ ਮੋਹਿਤ ਨਾਲ ਗੱਲਬਾਤ ਕੀਤੀ ਗਈ, ਜਿਨ੍ਹਾਂ ਨੇ ਅਮਿਤ ਨੂੰ ਇੰਗਲੈਂਡ 'ਚ ਪੱਕਾ ਕਰਾਉਣ ਬਦਲੇ ਉਨ੍ਹਾਂ ਤੋਂ 5 ਲੱਖ ਰੁਪਏ ਲੈ ਲਏ, ਪਰ ਉਕਤ ਵਿਅਕਤੀਆਂ ਵੱਲੋਂ ਨਾ ਤਾਂ ਸ਼ਿਕਾਇਤਕਰਤਾ ਦੇ ਲੜਕੇ ਨੂੰ ਇੰਗਲੈਂਡ 'ਚ ਪੱਕਾ ਕਰਾਇਆ ਗਿਆ ਤੇ ਨਾ ਹੀ ਉਨ੍ਹਾਂ ਦੇ ਪੈਸੇ ਵਾਪਸ ਕੀਤੇ ਗਏ।

ਡੀ.ਐਸ.ਪੀ. ਪੱਧਰ ਦੇ ਅਧਿਕਾਰੀ ਵੱਲੋਂ ਕੀਤੀ ਗਈ ਸ਼ਿਕਾਇਤ ਦੀ ਪੜਤਾਲ ਉਪਰੰਤ ਸੀਨੀਅਰ ਪੁਲਿਸ ਅਧਿਕਾਰੀਆਂ ਵੱਲੋਂ ਮਾਮਲੇ 'ਚ ਮੁਕੱਦਮਾ ਦਰਜ ਕਰਨ ਦੇ ਦਿੱਤੇ ਗਏ ਹੁਕਮਾਂ 'ਤੇ ਥਾਣਾ ਮੰਡੀ ਗੋਬਿੰਦਗੜ੍ਹ ਦੀ ਪੁਲਸ ਵੱਲੋਂ ਰੀਨਾ ਸੋਹਲ ਅਤੇ ਮੋਹਿਤ ਵਾਸੀਆਨ ਸ਼ਾਮ ਚੁਰਾਸੀ (ਹੁਸ਼ਿਆਰਪੁਰ) ਵਿਰੁੱਧ ਅ/ਧ 420, 120ਬੀ ਆਈ.ਪੀ.ਸੀ. ਤਹਿਤ ਮੁਕੱਦਮਾ ਦਰਜ ਕਰਕੇ ਮਾਮਲੇ ਦੀ ਤਫ਼ਤੀਸ਼ ਸ਼ੁਰੂ ਕਰ ਦਿੱਤੀ ਗਈ ਹੈ।

# 'ਕਾਰਪੋਰੇਟ ਘਰਾਣਿਆਂ ਦੀ ਅੰਨ੍ਹੀ ਲੁੱਟ ਵਿਰੁੱਧ ਇਨਕਲਾਬੀ ਲਹਿਰ ਖੜੀ ਕਰਨਾ ਸਮੇਂ ਦੀ ਲੋੜ'

**ਗਿੱਦੜਬਾਹਾ (ਜਸਵੰਤ ਗਿੱਲ ਛੱਤਿਆਣਾ)**-ਦੇਸ਼ ਵਿੱਚੋਂ ਸਾਮਰਾਜੀ ਮੁਲਕਾਂ, ਜਗੀਰਦਾਰਾਂ ਤੇ ਕਾਰਪੋਰੇਟ ਘਰਾਣਿਆਂ ਦੀ ਅੰਨ੍ਹੀ ਲੁੱਟ ਤੇ ਦਾਬੇ ਨੂੰ ਇਨਕਲਾਬੀ ਲਹਿਰਾਂ ਰਾਹੀਂ ਖਤਮ ਕਰਨ ਤੋਂ ਬਿਨਾਂ ਸ਼ਹੀਦ ਭਗਤ ਤੇ ਉਸ ਦੇ ਸਾਥੀਆਂ ਦੇ ਸੁਪਨਿਆਂ ਦੀ ਅਜ਼ਾਦੀ ਨੂੰ ਚਿਤਵਿਆ ਵੀ ਨਹੀਂ ਜਾ ਸਕਦਾ।

ਲੋਕਾਂ ਦੀ ਰਜ਼ਾ ਨੂੰ ਪ੍ਰਵਾਨ ਕਰਨ ਵਾਲੇ ਸਮਾਜਿਕ ਢਾਂਚੇ ਨੂੰ ਸਿਰਜਣ ਲਈ ਇਨਕਲਾਬੀ ਪ੍ਰੋਗਰਾਮ ਦੇ ਆਧਾਰ 'ਤੇ ਬਣੇ ਕਿਸਾਨਾਂ ਮਜ਼ਦੂਰਾਂ ਦੇ ਗਠਜੋੜ ਦੁਆਲੇ ਸਾਮਰਾਜੀ ਤੇ ਜਗੀਰਦਾਰ ਵਿਰੋਧੀ ਤਾਕਤਾਂ ਨੂੰ ਇਕਜੁਟ ਹੋ ਕੇ ਜਾਨ-ਹੂਲਵੇਂ ਸੰਘਰਸ਼ਾਂ ਦੇ ਰਾਹ ਪੈਣਾ ਹੀ ਸਮੇਂ ਦੀ ਸਭ ਤੋਂ ਵੱਡੀ ਲੋੜ ਹੈ। ਅਜਿਹੀਆਂ ਲਹਿਰਾਂ ਨੂੰ ਜਥੇਬੰਦ ਕਰਕੇ ਇਨਕਲਾਬ ਦੇ ਟੀਚੇ ਤੱਕ ਲਿਜਾਣਾ ਹੀ ਨਕਸਲਬਾੜੀ ਲਹਿਰ ਦਾ ਮੁੱਖ ਮਕਸਦ ਸੀ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਨਕਸਲਬਾੜੀ ਲਹਿਰ ਵਿੱਚ ਵਡਮੁੱਲਾ ਯੋਗਦਾਨ ਪਾਉਣ ਵਾਲੇ ਸਾਥੀ ਕਾ. ਠਾਣਾ ਸਿੰਘ ਦੇ 17 ਸਤੰਬਰ ਨੂੰ ਭਲਾਈਆਣਾ ਵਿੱਚ ਕੀਤੇ ਜਾ ਰਹੇ ਸ਼ਰਧਾਂਜਲੀ ਸਮਾਗਮ ਵਿੱਚ ਲੋਕਾਂ ਦੀ ਸ਼ਮੂਲੀਅਤ ਕਰਾਉਣ ਅਤੇ ਉਨ੍ਹਾ ਨੂੰ ਜਮਾਤੀ ਤੌਰ 'ਤੇ ਜਾਗਰੂਕ ਕਰਨ ਲਈ ਪਿੰਡ ਗੁਰੂਸਰ ਤੇ ਖੂਨਣ ਖੁਰਦ ਵਿੱਚ ਕੀਤੀਆਂ ਮੀਟਿੰਗਾਂ ਨੂੰ ਸੰਬੋਧਨ ਕਰਦਿਆਂ ਸ਼ਰਧਾਂਜਲੀ ਕਮੇਟੀ ਦੇ ਸੂਬਾਈ ਮੈਂਬਰ ਜੋਰਾ ਸਿੰਘ ਨਸਰਾਲੀ ਨੇ ਕੀਤਾ।

ਉਨ੍ਹਾਂ ਕਿਹਾ ਕਿ ਕਾ. ਠਾਣਾ ਸਿੰਘ ਤੇ ਉਸ ਦੀ ਨਕਸਲਬਾੜੀ ਪਾਰਟੀ ਮੁਲਕ ਅੰਦਰੋਂ ਲੁੱਟ ਤੇ ਜਬਰ 'ਤੇ ਟਿਕੇ ਰਾਜ ਪ੍ਰਬੰਧ ਨੂੰ ਢਹਿ-ਢੇਰੀ ਕਰਕੇ ਕਿਸਾਨਾਂ ਮਜ਼ਦੂਰਾਂ ਤੇ ਕਿਰਤੀ ਲੋਕਾਂ ਦੀ ਪੁੱਗਤ ਵਾਲਾ ਰਾਜ ਲਿਆਉਣ ਲਈ ਸਿਰ ਤਲੀ 'ਤੇ ਧਰਕੇ ਮੈਦਾਨ ਵਿੱਚ ਜੂਝੀ। ਨਕਸਲਬਾੜੀ ਪਾਰਟੀ ਦੀ ਇਸ ਬਗਾਵਤ ਨੂੰ ਦਬਾਉਣ ਲਈ ਸਮੇਂ ਦੀਆਂ ਸਾਰੀਆਂ ਹੀ ਹਾਕਮ ਜਮਾਤੀ ਪਾਰਟੀਆਂ ਵੱਲੋਂ ਅੰਨਾ ਜਬਰ ਜ਼ੁਲਮ ਕੀਤਾ ਗਿਆ।

ਮੀਟਿੰਗ ਨੂੰ ਤਿਆਰੀ ਕਮੇਟੀ ਦੇ ਮੈਂਬਰ ਗੁਰਭਗਤ ਸਿੰਘ ਭਲਾਈਆਣਾ ਨੇ ਕਾ. ਠਾਣਾ ਸਿੰਘ ਦੀ ਇਨਕਲਾਬੀ ਜ਼ਿੰਦਗੀ ਬਾਰੇ ਵੀ ਵਿਸਥਾਰ ਨਾਲ ਜਾਣਕਾਰੀ ਦਿੱਤੀ। ਮੀਟਿੰਗ ਦੀ ਸਮਾਪਤੀ ਮਗਰੋਂ ਲੀਫਲੈਟ ਵੰਡ ਕੇ ਸ਼ਰਧਾਂਜਲੀ ਸਮਾਗਮ 'ਚ ਸ਼ਾਮਲ ਹੋਣ ਦੀ ਕੀਤੀ ਅਪੀਲ ਨੂੰ ਲੋਕਾਂ ਨੇ ਭਰਮਾ ਹੁੰਗਾਰਾ ਦਿੱਤਾ।

## ਕਾਤਰਾਂ

### ਨਵ ਨਿਯੁਕਤ ਜੀ ਏ ਰਿਚਾ ਗੋਇਲ ਨੂੰ ਜੁਆਇੰਨ ਕਰਨ 'ਤੇ ਜੀ ਆਇਆਂ ਕਿਹਾ

**ਸੰਗਰੂਰ (ਪ੍ਰਵੀਨ ਸਿੰਘ)**-ਪੰਜਾਬ ਸਟੇਟ ਮਨਿਸਟੀਰੀਅਲ ਸਰਵਿਸਿਜ ਯੂਨੀਅਨ ਦੇ ਆਗੂਆਂ ਅਨੁਜ ਸ਼ਰਮਾ ਸੂਬਾ ਵਿੱਤ ਸਕੱਤਰ, ਰਾਜਵੀਰ ਬਡਰੁੱਖਾਂ, ਬਲਵਿੰਦਰ ਅੱਤਰੀ ਚੇਅਰਮੈਨ, ਜੋਗਿੰਦਰ ਸਿੰਘ ਪ੍ਰਧਾਨ ਡੀਸੀ ਦਫ਼ਤਰ ਦੀ ਅਗਵਾਈ ਵਿੱਚ ਵਫ਼ਦ ਵੱਲੋਂ ਪਿਛਲੇ ਦਿਨੀਂ ਪੰਜਾਬ ਸਰਕਾਰ ਵੱਲੋਂ ਨਵ-ਨਿਯੁਕਤ ਜੀਏ ਸ਼੍ਰੀਮਤੀ ਰਿਚਾ ਗੋਇਲ (ਪੀਸੀਐੱਸ) ਨੂੰ ਗੁਲਦਸਤਾ ਭੇਟ ਕਰਕੇ ਜੀ ਆਇਆਂ ਕਿਹਾ ਗਿਆ। ਇਸ ਮੌਕੇ ਜੀਏ ਰਿਚਾ ਗੋਇਲ ਵੱਲੋਂ ਜਥੇਬੰਦੀ ਦੇ ਆਗੂਆਂ ਨਾਲ ਜਾਣ ਪਛਾਣ ਕਰਦੇ ਹੋਏ ਵਫ਼ਦ ਦਾ ਧੰਨਵਾਦ ਕੀਤਾ ਗਿਆ। ਜ਼ਿਕਰਯੋਗ ਹੈ ਕਿ ਸ਼੍ਰੀਮਤੀ ਰਿਚਾ ਗੋਇਲ ਪਹਿਲਾਂ ਸਹਾਇਕ ਕਮਿਸ਼ਨਰ ਰਾਜ ਕਰ ਬਰਨਾਲਾ ਵਿਖੇ ਤੈਨਾਤ ਰਹਿ ਚੁੱਕੇ ਹਨ ਅਤੇ ਬਹੁਤ ਇਮਾਨਦਾਰ, ਨੇਕ ਦਿਲ ਅਤੇ ਚੰਗੀ ਸ਼ਖ਼ਸੀਅਤ ਦੇ ਮਾਲਕ ਹਨ। ਇਸ ਮੌਕੇ ਵੱਖ-ਵੱਖ ਵਿਭਾਗਾਂ ਦੇ ਕੁਮਚਾਰੀ ਅਤੇ ਅਧਿਕਾਰੀ ਹਾਜ਼ਰ ਰਹੇ।

### ਮਾਪੇ-ਅਧਿਆਪਕ ਮਿਲਣੀ ਕਰਾਈ

**ਅਜੀਤਵਾਲ (ਨਛੱਤਰ ਸੰਧੂ)** ਹੋਲੀ ਹਾਰਟ ਸਕੂਲ ਅਜੀਤਵਾਲ ਵਿਖੇ ਨਰਸਰੀ ਜਮਾਤ ਤੋਂ ਲੈ ਕੇ 12ਵੀਂ ਜਮਾਤ ਤੱਕ ਮਾਪੇ-ਅਧਿਆਪਕ ਮਿਲਣੀ ਕਰਾਈ ਗਈ। ਇਸ ਮਾਪੇ-ਅਧਿਆਪਕ ਮਿਲਣੀ ਵਿੱਚ ਅਧਿਆਪਕਾਂ ਵੱਲੋਂ ਵਿਦਿਆਰਥੀਆਂ ਦੇ ਮਾਪਿਆਂ ਨੂੰ ਸਤੰਬਰ ਵਿੱਚ ਹੋਣ ਜਾ ਰਹੇ ਇਮਤਿਹਾਨਾਂ ਦੀ ਜਾਣਕਾਰੀ ਦਿੱਤੀ ਗਈ ਤੇ ਸਿਲੇਬਸ ਬਾਰੇ ਵੀ ਦੱਸਿਆ ਗਿਆ। ਅਧਿਆਪਕਾਂ ਵੱਲੋਂ ਵਿਦਿਆਰਥੀਆਂ ਦੇ ਮਾਪਿਆਂ ਨੂੰ ਬੱਚਿਆਂ ਦੀ ਪੜ੍ਹਾਈ ਬਾਰੇ ਜਾਗਰੂਕ ਕੀਤਾ ਅਤੇ ਨਾਲ ਹੀ ਬੱਚਿਆਂ ਨੂੰ ਹੋਰ ਜਿਆਦਾ ਮਿਹਨਤ ਕਰਨ ਲਈ ਉਤਸ਼ਾਹਤ ਕੀਤਾ। ਜਮਾਤ ਵਿੱਚ ਰੋਜ਼ ਹੁੰਦੇ ਟੈਸਟਾਂ ਦੀ ਰਿਪੋਰਟ ਵੀ ਦਿੱਤੀ ਗਈ। ਅਧਿਆਪਕਾਵਾਂ ਨੇ ਬੱਚਿਆਂ ਨੂੰ ਕਿਹਾ ਕਿ ਆਪਣੇ ਪੇਪਰ ਤਣਾਅ ਰਹਿਤ ਦੇਣੇ ਚਾਹੀਦੇ ਹਨ। ਇਸ ਮੌਕੇ ਸਕੂਲ ਚੇਅਰਮੈਨ ਸੁਭਾਸ਼ ਪਲਤਾ, ਡਾਇਰੈਕਟਰ ਅਮਿਤ ਪਲਤਾ, ਸ਼੍ਰੈਆ ਪਲਤਾ ਅਤੇ ਸਕੂਲ ਪ੍ਰਿੰਸੀਪਲ ਸਾਕਸ਼ੀ ਗੁਲੇਰੀਆ ਨੇ ਕਿਹਾ ਕਿ ਇਸ ਮਾਪੇ-ਅਧਿਆਪਕ ਮਿਲਣੀ ਦੌਰਾਨ ਵਿਦਿਆਰਥੀਆ ਦੇ ਮਾਪਿਆਂ ਨੇ ਸਕੂਲ ਦੀ ਹੋਰ ਤਰੱਕੀ ਅਤੇ ਵਿਕਾਸ ਨੂੰ ਮੁੱਖ ਰੱਖਦਿਆਂ ਸਕੂਲ ਚੇਅਰਮੈਨ ਤੇ ਪ੍ਰਿੰਸੀਪਲ ਨਾਲ ਆਪਣੇ ਵਿਚਾਰ ਸਾਂਝੇ ਕੀਤੇ।

### ਚੱਕ ਕਾਲਾ ਸਿੰਘ ਵਾਲਾ 'ਚ ਟੀਕਾਕਰਨ ਕੈਂਪ ਲਗਾਇਆ

**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ /ਪੂਜਾ)**- ਸਮਾਜਕ ਸੁਰੱਖਿਆ ਇਸਤਰੀ ਤੇ ਬਾਲ ਵਿਕਾਸ ਵਿਭਾਗ ਪੰਜਾਬ ਵੱਲੋਂ ਸਿਹਤ ਵਿਭਾਗ ਦੇ ਸਹਿਯੋਗ ਨਾਲ ਪਿੰਡ ਚੱਕ ਕਾਲਾ ਸਿੰਘ ਵਾਲਾ ਦੇ ਆਂਗਣਵਾੜੀ ਸੈਂਟਰ ਵਿੱਚ ਸੈਂਟਰ ਦੀ ਇੰਚਾਰਜ ਹਰਗੋਬਿੰਦ ਕੌਰ ਦੀ ਅਗਵਾਈ ਹੇਠ ਟੀਕਾਕਰਨ ਕੈਂਪ ਲਗਾਇਆ ਗਿਆ । ਜਿਸ ਦੌਰਾਨ ਗਰਭਵਤੀ ਮਾਵਾਂ ਅਤੇ ਨਿੱਕੇ ਬੱਚਿਆਂ ਦੇ ਵੱਖ ਵੱਖ ਬਿਮਾਰੀਆਂ ਤੋਂ ਰੋਕਣ ਲਈ ਟੀਕੇ ਲਗਾਏ ਗਏ । ਏ ਐਨ ਐਮ ਰਮਨਦੀਪ ਕੌਰ ਅਤੇ ਹਰਗੋਬਿੰਦ ਕੌਰ ਨੇ ਵਿਭਾਗ ਵੱਲੋਂ ਚਲਾਈਆਂ ਜਾ ਰਹੀਆਂ ਸਕੀਮਾਂ ਬਾਰੇ ਜਾਣਕਾਰੀ ਦਿੱਤੀ ਅਤੇ ਇਨ੍ਹਾਂ ਸਕੀਮਾਂ ਦਾ ਲਾਭ ਲੈਣ ਲਈ ਕਿਹਾ। ਇਸ ਮੌਕੇ ਆਂਗਣਵਾੜੀ ਵਰਕਰ ਸਰਬਜੀਤ ਕੌਰ, ਹੈਲਪਰਾਂ ਛਿੰਦਰ ਕੌਰ ਅਤੇ ਕੌਰ ਜੀਤ ਕੌਰ ਤੇ ਆਸ਼ਾ ਵਰਕਰ ਜਸਵੀਰ ਕੌਰ ਆਦਿ ਮੌਜੂਦ ਸਨ ।

### ਸ਼ਹੀਦ ਭਾਈ ਦਿਆਲਾ ਜੀ ਪਬਲਿਕ ਸਕੂਲ ਦੇ ਬੱਚੇ ਚਮਕੇ

**ਲੌਂਗੋਵਾਲ (ਪ੍ਰਦੀਪ ਸਿੰਘ ਸੱਪਲ)**- ਪੰਜਾਬ ਸਕੂਲ ਜ਼ਿਲ੍ਹਾ ਪੱਧਰ ਟੇਬਲ ਟੈਨਿਸ ਮੁਕਾਬਲਿਆਂ ਵਿਚ ਸ਼ਹੀਦ ਭਾਈ ਦਿਆਲਾ ਜੀ ਪਬਲਿਕ ਸਕੂਲ ਦੇ ਬੱਚੇ ਗਏ। ਪੰਜਾਬ ਸਕੂਲ ਜ਼ਿਲ੍ਹਾ ਪੱਧਰੀ ਟੇਬਲ ਟੈਨਿਸ ਲੜਕੇ ਲੜਕੀਆਂ ਦੇ ਮੁਕਾਬਲਿਆਂ ਵਿੱਚ ਸ਼ਹੀਦ ਭਾਈ ਦਿਆਲਾ ਜੀ ਪਬਲਿਕ ਸਕੂਲ ਲੌਂਗੋਵਾਲ ਦੇ ਖਿਡਾਰੀਆਂ ਨੇ 14 ਸਾਲ ਲੜਕੀਆਂ, 17 ਸਾਲ ਲੜਕੀਆਂ ਵਿੱਚ ਪਹਿਲੀ ਪੁਜੀਸ਼ਨ ਹਾਸਲ ਕੀਤੀ। 19 ਸਾਲ ਦੇ ਲੜਕੀਆਂ ਨੇ ਦੂਜੀ ਪੁਜੀਸ਼ਨ ਅਤੇ 14 ਸਾਲ, 19 ਸਾਲ ਲੜਕਿਆਂ ਦੇ ਵਿਚ ਤੀਜੀ ਪੁਜੀਸ਼ਨ ਹਾਸਲ ਕੀਤੀ। ਸਕੂਲ ਪਹੁੰਚਣ 'ਤੇ ਸਕੂਲ ਮੁਖੀ ਪ੍ਰਿੰਸੀਪਲ ਨਰਪਿੰਦਰ ਸਿੰਘ ਢਿੱਲੋਂ ਅਤੇ ਵਾਈਸ ਪ੍ਰਿੰਸੀਪਲ ਸੀਮਾ ਠਾਕੁਰ ਵੱਲੋਂ ਬੱਚਿਆਂ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ। ਇਸ ਮੌਕੇ ਡੀ. ਪੀ.ਈ ਹਰਪ੍ਰੀਤ ਸਿੰਘ, ਕੁਲਵਿ

7-Sep-PAGE- 8 qxd.qxd 9/6/2023 8:21 PM Page 1



# ਸੰਯੁਕਤ ਕਿਸਾਨ ਮੋਰਚਾ ਵੱਲੋਂ 11-12 ਤੇ 13 ਨੂੰ ਨਿਰਮਲ ਕੁਟੀਆ ਵਿਖੇ ਵਿਸ਼ਾਲ ਧਰਨਾ

**ਸੁਲਤਾਨਪੁਰ ਲੋਧੀ (ਬਲਵਿੰਦਰ ਸਿੰਘ ਧਾਲੀਵਾਲ ਰਾਜਵੀਰ ਸਿੰਘ)**-ਪੰਜਾਬ ਸਰਕਾਰ ਅਤੇ ਕੇਂਦਰ ਸਰਕਾਰ ਦੀ ਹੜਾਂ ਪ੍ਰਤੀ ਬੇਰੁੱਖੀ ਦੇ ਚੱਲਦਿਆਂ ਹੜ੍ਹ ਪ੍ਰਭਾਵਿਤ ਲੋਕਾਂ ਦੀ ਕੋਈ ਸਾਰ ਨਹੀਂ ਲਈ ਗਈ ਅਤੇ ਅਜੇ ਤੱਕ ਕੋਈ ਵੀ ਮੁਆਵਜੇ ਦੀ ਰਾਸ਼ੀ ਨਹੀਂ ਪਹੁੰਚੀ। ਇਹਨਾਂ ਸ਼ਬਦਾ ਦਾ ਪ੍ਰਗਟਾਵਾ ਸਯੁੰਕਤ ਕਿਸਾਨ ਮੋਰਚਾ ਵੱਲੋਂ ਅਮਰਜੀਤ ਸਿੰਘ ਟਿੱਬਾ ਦੀ ਪ੍ਰਧਾਨਗੀ ਹੇਠ ਪ੍ਰੈਸ ਕਲੱਬ ਵਿਖੇ ਹੋਈ ਮੀਟਿੰਗ ਸਮੇਂ ਆਪਣੇ ਸੰਬੋਧਨ ਵਿੱਚ ਰਘਬੀਰ ਸਿੰਘ ਮਹਿਰਵਾਲਾ ਕਿਰਤੀ ਕਿਸਾਨ ਯੂਨੀਅਨ ਪੰਜਾਬ,ਮਾ. ਚਰਨ ਸਿੰਘ ਕੁਲ ਹਿੰਦ ਕਿਸਾਨ ਸਭਾ,ਨਿਰਮਲ ਸਿੰਘ ਪੇਂਡੂ ਮਜਦੂਰ ਯੂਨੀਅਨ, ਜਸਵਿੰਦਰ ਸਿੰਘ ਭਾਰਤੀ ਕਿਸਾਨ ਯੂਨੀਅਨ ਡਕੌਂਦਾ (ਧਨੇਰ) ਆਦਿ ਨੇ ਕਹੇ। ਆਗੂਆਂ ਨੇ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਪਿਛਲੀਆਂ ਸਾਰੀਆਂ ਸਰਕਾਰਾਂ ਨੂੰ ਮਾਤ ਪਾ ਗਈ ਹੈ ਜਿਸਨੇ ਪਿਛਲੇ 2 ਮਹੀਨੇ ਤੋਂ ਹੜਾਂ ਦੀ ਸਮੱਸਿਆ ਨਾਲ ਜੂਝ ਰਹੇ ਲੋਕਾਂ ਦੀ ਬਾਂਹ ਨਹੀਂ ਫੜੀ । ਇੰਨਾ ਸਮਾਂ ਬੀਤ ਜਾਣ ਦੇ ਬਾਵਜੂਦ ਵੀ ਪੀੜਤਾਂ ਨੂੰ ਕੋਈ ਵੀ ਮੁਆਵਜਾ ਰਾਸ਼ੀ ਨਹੀਂ ਦਿੱਤੀ ਗਈ ਉਲਟਾ ਸਰਕਾਰ ਵੱਲੋਂ ਹੋਰ ਸ਼ਰਤਾਂ ਲਗਾਈਆਂ ਜਾ ਰਹੀਆਂ ਹਨ। ਕਿਸਾਨ ਆਗੂਆਂ ਨੇ ਕਿਹਾ ਕਿ ਜੋ ਮੁਆਵਜੇ ਦੀ ਨਿਗੂਣੀ ਰਾਸ਼ੀ ਕੇਂਦਰ ਸਰਕਾਰ ਵੱਲੋਂ ਮਹੱਈਆ ਕੀਤੀ ਗਈ ਹੈ ਉਸ ਵਿੱਚ ਪੰਜਾਬ ਸਰਕਾਰ ਨੇ ਹੋਰ ਤਾਂ ਕੀ ਵਾਧਾ ਕਰਨਾ ਸੀ ਉਲਟਾ ਇਸ ਨੂੰ ਵੰਡਣ ਤੋਂ ਵੀ ਆਨਾਕਾਨੀ ਕੀਤੀ ਜਾ ਰਹੀ ਹੈ। ਉਹਨਾਂ ਕਿਹਾ ਕਿ ਸਰਕਾਰ ਵੱਲੋਂ ਦਰਿਆਵਾਂ ਦੀ ਪਿਛਲੇ ਸਮੇਂ ਤੋਂ ਕੋਈ ਸਫਾਈ ਨਹੀਂ ਕੀਤੀ ਗਈ ਅਤੇ ਨਾ ਹੀ ਬੰਨਾਂ ਦੀ ਮੁਰੰਮਤ ਵੱਲ ਕੋਈ ਧਿਆਨ ਦਿੱਤਾ ਗਿਆ ਹੈ। ਸਰਕਾਰ ਨੂੰ ਜਗਾਉਣ ਲਈ ਜੋ ਪ੍ਰਗਰਾਮ ਉਲੀਕਿਆ ਗਿਆ ਹੈ ਉਸ ਮੁਤਾਬਿਕ ਹੜ ਪ੍ਰਭਾਵਿਤ ਇਲਾਕਿਆਂ ਦੇ ਲੋਕਾਂ ਨੂੰ ਯੋਗ ਮੁਆਵਜਾ ਦੇਣ,ਸਤਲੁਜ ਅਤੇ ਬਿਆਸ ਦਰਿਆ ਦੇ ਬੰਨਾਂ ਨੂੰ ਮਜਬੂਤ ਕਰਨ, ਸੇਮ ਨਾਲਿਆਂ ਦੀ ਸਫਾਈ, ਸੜਕਾਂ ਵਿੱਚ ਬਰਸਾਤੀ ਪਾਣੀ ਦੀ ਨਿਕਾਸੀ ਨਾ ਹੋਣ ਤੇ ਫਸਲਾਂ ਦਾ ਖਰਾਬ ਹੋਣਾ, ਪੁਲਾਂ ਹੇਠੋਂ ਮਿਟੀ ਚੁੱਕੀ ਜਾਵੇ,ਹੜ ਪ੍ਰਭਾਵਿਤ ਇਲਾਕੇ ਵਿੱਚ ਸੋਲਰ ਪੈਨਲ ਆਦਿ ਲਈ ਰਾਜ ਸਭਾ ਮੈਂਬਰ ਸੰਤ ਬਾਬਾ ਬਲਬੀਰ ਸਿੰਘ ਸੀਚੇਵਾਲ ਦੇ ਨਿਰਮਲ ਕੁਟੀਆ ਸੁਲਤਾਨਪੁਰ ਲੋਧੀ ਵਿਖੇ 11,12, ਅਤੇ 13 ਸਤੰਬਰ ਨੂੰ ਸਵੇਰੇ 11 ਵਜੇ ਤੋਂ ਸਾਮ 5 ਵਜੇ ਤੱਕ ਵਿਸ਼ਾਲ ਰੋਸ ਧਰਨਾ ਲਗਾਇਆ ਜਾਵੇਗਾ ਜੋ ਲਗਾਤਾਰ ਤਿੰਨ ਦਿਨ ਚੱਲੇਗਾ। ਇਸ ਮੌਕੇ ਸੰਯੁਕਤ ਕਿਸਾਨ ਮੋਰਚਾ ਦੇ ਕਨਵੀਨਰ ਐਡਵੋਕੇਟ ਰਜਿੰਦਰ ਸਿੰਘ ਰਾਣਾ,ਪੈਨਸ਼ਰਨ ਯੂਨੀਅਨ ਮਾ. ਸੁੱਚਾ ਸਿੰਘ ਮਿਰਜਾਪੁਰ,ਨੰਬਰਦਾਰ ਯੂਨੀਅਨ ਹਰਵੰਤ ਸਿੰਘ ਵੜੈਂਚ,ਕਿਰਤੀ ਕਿਸਾਨ ਯੂਨੀਅਨ ਸਾਧੂ ਸਿੰਘ ਡੱਲਾ,ਭਾਰਤੀ ਕਿਸਾਨ ਯੂਨੀਅਨ ਜਸਵਿੰਦਰ ਸਿੰਘ,ਸੁਖਚੈਨ ਸਿੰਘ,ਕਿਰਤੀ ਕਿਸਾਨ ਯੂਨੀਅਨ ਸਲਵਿੰਦਰ ਕੁਮਾਰ,ਜਸਵਿੰਦਰ ਸਿੰਘ ਮੋਰੀਪੁਰ,ਪੇਂਡੂ ਮਜਦੂਰ ਯੂਨੀਅਨ ਸਰਵਣ ਸਿੰਘ ਠੱਟਾ,ਮਲਕੀਤ ਸਿੰਘ ਮੀਰੇ ਕੁਲ ਹਿੰਦ ਕਿਸਾਨ ਸਭਾ,ਮਾਸਟਰ ਸ਼ਿੰਗਾਰਾ ਸਿੰਘ,ਕੁਲਦੀਪ ਸਿੰਘ,ਸੁਰਜੀਤ ਸਿੰਘ ਠੱਟਾ,ਸੁਖਵਿੰਦਰ ਸਿੰਘ ਸ਼ਹਿਰੀ,ਸੰਤਾ ਸਿੰਘ,ਮੁਕੰਦ ਸਿੰਘ,ਮਹਿੰਗਾ ਸਿੰਘ ਠੱਟਾ,ਬਲਵਿੰਦਰ ਕੁਮਾਰ,ਚਰਨਜੀਤ ਸਿੰਘ ਆਦਿ ਵੀ ਹਾਜਰ ਸਨ।

# ਨਸ਼ਿਆਂ ਖਿਲਾਫ ਵਿੱਢੀ ਮੁਹਿੰਮ ਤਹਿਤ ਤਖਤਗੜ੍ਹ ਵਿਖੇ ਮੀਟਿੰਗ

**ਨੂਰਪੁਰ ਬੇਦੀ (ਸੁਰਜੀਤ ਸਿੰਘ ਕਾਹਲੋਂ)**- ਐਸ ਐਸ ਪੀ ਵਿਵੇਕਸ਼ੀਲ ਸੋਨੀ ਦੇ ਦਿਸ਼ਾ ਨਿਰਦੇਸ਼, ਐਸ ਐਚ ਓ ਨੂਰਪੁਰਬੇਦੀ ਗੁਰਵਿੰਦਰ ਸਿੰਘ ਢਿੱਲੋਂ ਦੀ ਅਗਵਾਈ ਵਿਚ ਏ ਐਸ ਆਈ ਦਲਜੀਤ ਸਿੰਘ ਵਲੋਂ ਗ੍ਰਾਮ ਪੰਚਾਇਤ ਤਖਤਗੜ੍ਹ ਦੇ ਸਹਿਯੋਗ ਨਾਲ ਨਗਰ ਵਿਚ ਮੀਟਿੰਗ ਹੋਈ। ਜਿਸ ਨੂੰ ਸੰਬੋਧਨ ਕਰਦਿਆਂ ਦਲਜੀਤ ਸਿੰਘ ਨੇ ਕਿਹਾ ਕਿ ਨਸ਼ਾ ਸਾਡੇ ਵਸਦੇ ਘਰਾਂ ਦੀ ਬਰਬਾਦੀ ਕਰ ਰਿਹਾ ਹੈ। ਨਸ਼ਿਆਂ ਨੂੰ ਰੋਕਣ ਲਈ ਲਈ ਲੋਕਾਂ ਨੂੰ ਪੁਲਸ ਦਾ ਸਹਿਯੋਗ ਕਰਨਾ ਚਾਹੀਦਾ ਹੈ। ਸਰਪੰਚ ਕੇਵਲ ਕ੍ਰਿਸ਼ਨ ਹੈਪੀ ਨੇ ਭਰੋਸਾ ਦਿੱਤਾ ਕਿ ਪਿੰਡ ਵਿਚ ਕਿਸੇ ਵੀ ਤਰ੍ਹਾਂ ਦਾ ਨਸ਼ਾ ਨਹੀਂ ਵੇਚਿਆ ਜਾਵੇਗਾ। ਜੇਕਰ ਕੋਈ ਨਸ਼ਾ ਵੇਚਦਾ ਫੜਿਆ ਗਿਆ ਤਾਂ ਉਸ ਉੱਤੇ ਸਖਤ ਕਾਰਵਾਈ ਕੀਤੀ ਜਾਵੇਗੀ ਅਤੇ ਪੁਲਸ ਦਾ ਸਹਿਯੋਗ ਕੀਤਾ ਜਾਵੇਗਾ। ਇਸ ਮੌਕੇ ਪ੍ਰਮਾਤਮਾ ਦਾਸ, ਚਰਨ ਕੌਰ, ਤਿਲਕ ਰਾਜ ( ਪੰਚ) ਗਿਆਨ ਚੰਦ, ਜਗਨਨਾਥ, ਸੁਖਦੇਵ ਸਿੰਘ, ਨੰਬਰਦਾਰ ਰਾਮ ਮੂਰਤੀ, ਗੁਰਪ੍ਰੀਤ ਸਿੰਘ, ਅਸ਼ਵਨੀ ਕੁਮਾਰ, ਸੁਰਿੰਦਰ ਸਿੰਘ, ਸੀਤਾ ਰਾਮ, ਪ੍ਰੇਮ ਚੰਦ, ਹੁਕਮ ਚੰਦ, ਮਮਤਾ ਰਾਣੀ, ਸੋਮਾ ਦੇਵੀ, ਰਾਮਕਾਲੀ, ਮਨਜੀਤ ਕੌਰ, ਜੋਗਿੰਦਰ ਕੌਰ, ਜਸਵਿੰਦਰ ਕੌਰ ਆਦਿ ਹਾਜ਼ਰ ਸਨ।

# ਲੁੱਟਾਂ ਕਰਨ ਵਾਲੇ ਗੈਂਗ ਦੇ 2 ਮੈਂਬਰ ਗ੍ਰਿਫ਼ਤਾਰ

**ਟਾਂਡਾ ਉੜਮੁੜ (ਜਸਵਿੰਦਰ ਸੰਧੂ, ਉਂਕਾਰ ਸਿੰਘ )**-ਇੰਸਪੈਕਟਰ ਉਂਕਾਰ ਸਿੰਘ ਬਰਾੜ ਮੁੱਖ ਅਫਸਰ ਥਾਣਾ ਟਾਂਡਾ ਜਿਲਾ ਹੁਸ਼ਿਆਰਪੁਰ ਨੇ ਦੱਸਿਆ ਕਿ ਕੁਲਵੰਤ ਸਿੰਘ ਡੀ.ਐਸ.ਪੀ ਸਬ ਡਵੀਜਨ ਟਾਂਡਾ ਦੀ ਅਗਵਾਈ ਵਿਚ ਥਾਣਾ ਟਾਂਡਾ ਦੇ ਅਧੀਨ ਆਉਂਦੇ ਏਰੀਆ ਵਿਚ ਲੁੱਟਾਂ ਖੋਹਾਂ ਦੀਆਂ ਵਾਰਦਾਤਾਂ ਕਰਨ ਵਾਲਿਆਂ ਨੂੰ ਗ੍ਰਿਫ਼ਤਾਰ ਕਰਨ ਲਈ ਲਈ ਉਪਰਾਲੇ ਕੀਤੇ ਜਾ ਰਹੇ ਹਨ। ਐਸ.ਆਈ ਗੁਰਵਿੰਦਰ ਸਿੰਘ ਥਾਂਣਾ ਟਾਡਾ ਸਮੇਤ ਪੁਲਸ ਪਾਰਟੀ ਨੂੰ ਉਸ ਸਮੇਂ ਵੱਡੀ ਸਫਲਤਾ ਹਾਸਲ ਹੋਈ ਜਦੋਂ ਲੁੱਟਾਂ ਖੋਹਾਂ ਕਰਨ ਵਾਲੇ 2 ਵਿਅਕਤੀਆਂ ਨੂੰ ਕਾਬੂ ਕਰਕੇ ਉਨ੍ਹਾਂ ਵਲੋਂ ਟਾਂਡਾ ਦੇ ਏਰੀਆ ਵਿਚ ਕੀਤੀਆਂ 4 ਵਾਰਦਾਤਾਂ ਨੂੰ ਟਰੇਸ ਕੀਤਾ ਗਿਆ। ਜਿਨ੍ਹਾਂ ਦੀ ਪਛਾਣ ਅਵਤਾਰ ਸਿੰਘ ਉਰਫ ਤਾਰੀ ਪੁੱਤਰ ਕੁਲਦੀਪ ਸਿੰਘ ਵਾਸੀ ਭਟਨੂਰਾ ਥਾਣਾ ਭੋਗਪੁਰ ਜ਼ਿਲ੍ਹਾ ਜਲੰਧਰ, ਹਰਮੇਸ਼ ਲਾਲ ਉਰਫ ਹਨੀ ਪੁੱਤਰ ਰੇਸ਼ਮ ਲਾਲ ਵਾਸੀ ਪੰਡੋਰੀ ਥਾਣਾ ਟਾਂਡਾ ਜ਼ਿਲ੍ਹਾ ਹੁਸ਼ਿਆਰਪੁਰ ਵਜੋਂ ਹੋਈ ਹੈ । ਟਾਂਡਾ ਪੁਲਸ ਵੱਲੋਂ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

# ਸਿਹਤ ਵਿਭਾਗ ਵੱਲੋਂ ਟੀਕਾਕਰਨ ਦਾ ਪਹਿਲਾ ਰਾਊਂਡ 11 ਤੋਂ 16 ਤੱਕ : ਡਾ ਅਮਿਤਾ ਲੂਨਾ

**ਗੁਰਾਇਆ (ਬਿੰਦਰ ਸੁਮਨ)**- ਸਿਹਤ ਵਿਭਾਗ ਵੱਲੋਂ ਮਿਸ਼ਨ ਇੰਦਰਧਨੁੱਸ਼ ਤਹਿਤ ਜਿਹੜੇ 5 ਸਾਲ ਤੱਕ ਦੇ ਬੱਚੇ ਅਤੇ ਗਰਭਵਤੀ ਔਰਤਾਂ ਕਿਸੇ ਕਾਰਨ ਟੀਕਾਕਰਨ ਤੋਂ ਵਾਂਝੇ ਰਹਿ ਗਏ ਹਨ ਉਨ੍ਹਾਂ ਦਾ ਟੀਕਾਕਾਰਨ ਕੀਤਾ ਜਾਵੇਗਾ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਕਮਿਊਨਿਟੀ ਹੈਲਥ ਸੈਂਟਰ ਬੜਾ ਪਿੰਡ ਦੇ ਸੀਨੀਅਰ ਮੈਡੀਕਲ ਅਫਸਰ ਡਾ. ਅਮਿਤਾ ਲੂਨਾ ਵੱਲੋਂ ਕੀਤਾ ਗਿਆ। ਉਨ੍ਹਾਂ ਵੱਲੋਂ ਅੱਜ ਫੀਲਡ ਸਟਾਫ ਨੂੰ ਵਿਸ਼ੇਸ਼ ਟ੍ਰੇਨਿੰਗ ਦਾ ਆਯੋਜਨ ਕੀਤਾ ਗਿਆ। ਉਨ੍ਹਾਂ ਦੱਸਿਆ ਕਿ ਸਿਵਲ ਸਰਜਨ ਡਾ. ਰਮਨ ਸਰਮਾ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਮਿਸ਼ਨ ਇੰਦਰਧਨੁੱਸ਼ ਪ੍ਰੋਗਰਾਮ ਤਹਿਤ ਟੀਕਾਕਰਨ ਦਾ ਪਹਿਲਾ ਰਾਊਂਡ 11 ਸਤੰਬਰ ਤੋਂ 16 ਸਤੰਬਰ ਤੱਕ ਮਨਾਇਆ ਜਾ ਰਿਹਾ ਹੈ। ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਜੇ ਕਿਸੇ ਕਾਰਨ ਕਰਕੇ ਕੋਈ ਵੀ ਬੱਚੇ ਜਾਂ ਗਰਭਵਤੀ ਔਰਤ ਦਾ ਟੀਕਾਕਰਨ ਨਹੀਂ ਹੋ ਸਕਿਆ ਉਹ ਇਸ ਮੁਹਿੰਮ ਤਹਿਤ ਟੀਕਾਕਰਨ ਕਰਵਾਉਣ ਤਾਂ ਜੋ ਤੰਦਰੁਸਤ ਅਤੇ ਸਿਹਤਮੰਦ ਸਮਾਜ ਦੀ ਸਿਰਜਣਾ ਕੀਤੀ ਜਾ ਸਕੇ। ਡਾ. ਅਮਿਤਾ ਲੂਨਾ ਨੇ ਦੱਸਿਆ ਕਿ ਸਾਲ ਤੱਕ ਦੇ ਬੱਚਿਆਂ ਦਾ ਅਤੇ ਗਰਭਵਤੀ ਔਰਤਾਂ ਦਾ ਟੀਕਾਕਰਨ ਬਹੁਤ ਜ਼ਰੂਰੀ ਹੈ । ਟੀਕੇ ਬੱਚਿਆਂ ਨੂੰ ਮਾਰੂ ਰੋਗਾਂ ਤੋਂ ਬਚਾਉਂਦੇ ਹਨ ਅਤੇ ਰੋਗਾਂ ਨਾਲ ਲੜਨ ਦੀ ਸਮਰੱਥਾ ਵਧਾਉਂਦੇ ਹਨ । ਇਸ ਮੌਕੇ ਤੇ ਬਲਾਕ ਐਜੂਕੇਟਰ ਪ੍ਰੀਤਇੰਦਰ ਸਿੰਘ ਅਤੇ ਬਲਾਕ ਸਟੈਸਟੀਕਲ ਅਸਿਸਟੈਂਟ ਦੀਪਕ ਵੱਲੋਂ ਸਮੂਹ ਫੀਲਡ ਸਟਾਫ ਨੂੰ ਟੀਕਾਕਰਨ ਦਾ ਆਨਲਾਈਨ ਕਰਨ ਲਈ ਟ੍ਰੇਨਿੰਗ ਦਿੱਤੀ ਗਈ।

# ਨਸ਼ੇ ਨੂੰ ਜੜ੍ਹ ਤੋਂ ਖਤਮ ਕਰਨ ਦਾ ਸੰਕਲਪ ਲਵੇ ਯੁਵਾ ਪੀੜ੍ਹੀ : ਡਿਪਟੀ ਕਮਿਸ਼ਨਰ

**ਚੰਡੀਗੜ੍ਹ,( ਕ੍ਰਿਸ਼ਨ ਗਰਗ)** - ਹਰਿਆਣਾ ਡਰੱਗਸ ਫਰੀ ਹਰਿਆਣਾ ਦੇ ਸੰਦੇਸ਼ ਨੂੰ ਜਨ-ਜਨ ਤਕ ਪਹੁੰਚਾਉਣ ਦੇ ਉਦੇਸ਼ ਨਾਲ ਮੁੱਖ ਮੰਤਰੀ ਮਨੋਹਰ ਲਾਲ ਦੀ ਪਹਿਲ 'ਤੇ ਸ਼ੁਰੂ ਕੀਤੀ ਗਈ ਸੂਬਾ ਪੱਧਰੀ ਸਾਈਕਲ ਰੈਲੀ ਦੇ ਸਨਮਾਨ ਵਿਚ ਝੱਜਰ ਦੇ ਪਿੰਡ ਖਾਤੀਵਾਸ ਸਥਿਤ ਸੰਸਕਾਰਮ ਗਰੁੱਪ ਆਫ ਐਜੂਕੇਸ਼ਨ ਪਰਿਸਰ ਵਿਚ ਸਭਿਆਚਾਰਕ ਸ਼ਾਮ ਦਾ ਸ਼ਾਨਦਾਰ ਪ੍ਰਬੰਧ ਕੀਤਾ ਗਿਆ। ਡੀ ਸੀ ਕੈਪਟਨ ਸ਼ਕਤੀ ਸਿੰਘ ਨੇ ਪ੍ਰੋਗ੍ਰਾਮ ਦੀ ਸ਼ੁਰੂਆਤ ਕਰਦੇ ਹੋਏ ਨਸ਼ੇ ਨੂੰ ਜੜ੍ਹ ਤੋਂ ਖਤਮ ਕਰਨ ਲਈ ਕੀਤੇ ਜਾ ਰਹੇ ਮੁੱਖ ਮੰਤਰੀ ਮਨੋਹਰ ਲਾਲ ਦੇ ਯਤਨਾਂ ਦੀ ਸ਼ਲਾਘਾ ਕੀਤੀ। ਉਨ੍ਹਾਂ ਨੇ ਕਿਹਾ ਕਿ ਨਸ਼ੇ ਦੇ ਖਿਲਾਫ ਜਾਗਰੂਕਤਾ ਵਧਾਉਣ ਲਈ ਸਾਈਕਲ ਰੈਲੀ ਦਾ ਪ੍ਰਬੰਧ ਸ਼ਲਾਘਾਯੋਗ ਹੈ। ਪ੍ਰੋਗ੍ਰਾਮ ਦਾ ਡੀ ਸੀ ਕੈਪਟਨ ਸ਼ਕਤੀ ਸਿੰਘ, ਐੱਸ ਪੀ ਡਾ. ਅਰਪਿਤ ਜੈਨ, ਮਸ਼ਹੂਰ ਕਲਾਕਾਰ ਗਜੇਂਦਰ ਫੌਗਾਟ, ਸ਼ਿਖਿਆਵਿਦ ਮਹਿਪਾਲ ਯਾਦਵ ਨੇ ਦੀਪ ਪ੍ਰਜਵਨ ਕਰ ਪ੍ਰੋਗ੍ਰਾਮ ਦੀ ਸ਼ੁਰੂਆਤ ਕੀਤੀ। ਸੰਸਕਾਰਮ ਸੰਸਥਾਨ ਦੇ ਚੇਅਰਮੈਨ ਮਹਿਪਾਲ ਯਾਦਵ ਨੇ ਸਾਰੇ ਮੁੱਖ ਮਿਹਮਾਨਾਂ ਦਾ ਪੱਗੜੀ ਪਹਿਨਾ ਕੇ ਸਵਾਗਤ ਕੀਤਾ। ਜ਼ਿਲ੍ਹਾ ਪ੍ਰਸ਼ਾਸਨ ਦੇ ਸੰਯੋਜਨ ਵਿਚ ਸੂਚਨਾ, ਲੋਕ ਸੰਪਰਕ ਅਤੇ ਭਾਸ਼ਾ ਵਿਭਾਗ ਦੇ ਵਿਸ਼ੇਸ਼ ਸਹਿਯੋਗ ਨਾਲ ਸਭਿਆਚਾਰਕ ਸ਼ਾਮ ਵਿਚ ਕਲਾਕਾਰਾਂ ਦੇ ਨਾਲ ਵਿਦਿਆਰਥੀਆਂ ਨੇ ਦਮਦਾਰ ਪੇਸ਼ਗੀਆਂ ਦਿੰਦੇ ਹੋਏ ਨਸ਼ੇ ਦੇ ਖਿਲਾਫ ਜੋਰਦਾਰ ਅੱਲਖ ਜਗਾਉਣ ਦਾ ਯਤਨ ਕੀਤਾ। ਭਜਨ ਪਾਰਟੀ ਟੀਮਾਂ ਨੇ ਰਾਗਨੀਆਂ ਰਾਹੀਂ ਨਸ਼ੇ ਦੇ ਬੂਰੇ ਪ੍ਰਭਾਵਾਂ ਦੀ ਜਾਣਕਾਰੀ ਦਿੰਦੇ ਹੋਏ ਨਸ਼ੇ ਤੋਂ ਦੂਰ ਰਹਿਣ ਦੀ ਅਪੀਲ ਕੀਤੀ। ।

# ਕੁਸ਼ਤੀਆਂ ਦਾ 17ਵਾਂ ਮਹਾਂ ਦੰਗਲ ਪਿੰਡ ਸੁੰਨੜ ਕਲਾਂ ਵਿਖੇ 10 ਨੂੰ

**ਨੂਰਮਹਿਲ ( ਬਾਲ ਕ੍ਰਿਸ਼ਨ ਬਾਲੀ )**-ਗੁੱਗਾ ਜਾਹਰ ਵੀਰ ਛਿੰਝ ਕਮੇਟੀ ਪਿੰਡ ਸੁੰਨੜ ਕਲਾਂ ਵਲੋਂ ਨਗਰ ਨਿਵਾਸੀਆਂ ਅਤੇ ਇਲਾਕੇ ਦੇ ਲੋਕਾਂ ਦੀ ਸੁੱਖ ਸ਼ਾਂਤੀ ਲਈ, ਲੱਖਾਂ ਦਾਤਾਂ ਦੇ ਨਾਂਅ ਤੇ ਗੁੱਗਾ ਨੌਮੀ ਦੇ ਸਾਲਾਨਾ ਮੇਲੇ 'ਤੇ ਕੁਸ਼ਤੀਆਂ ਦਾ 17ਵਾਂ ਮਹਾਂ ਦੰਗਲ ਪਿੰਡ ਸੁੰਨੜ ਕਲਾਂ ਵਿਖੇ 10 ਸਤੰਬਰ ਦਿਨ ਐਤਵਾਰ ਨੂੰ ਕਰਵਾਇਆ ਜਾ ਰਿਹਾ ਹੈ। ਛਿੰਝ ਕਮੇਟੀ ਦੇ ਮੈਂਬਰਾਂ ਨੇ ਦੱਸਿਆ ਕਿ ਪੰਜਾਬੀ ਸੱਭਿਆਚਾਰ ਵਿਰਸੇ ਨਾਲ ਸਬੰਧਤ ਰਾਣਾ ਐਂਡ ਪਾਰਟੀ ਬੁੰਡਾਲਾ ਮੰਜਕੀ ਵਾਲਿਆਂ ਵਲੋਂ ਅਖਾੜਾ ਲਾਇਆ ਜਾਵੇਗਾ। ਉਪਰੰਤ ਦੁਪਹਿਰ ਬਾਅਦ ਛਿੰਝ ਪੁਆਈ ਜਾਵੇਗੀ ਜਿਸ ਵਿੱਚ ਪਹਿਲੀ ਕੁਸ਼ਤੀ,ਜੱਸਾ ਪੱਟੀ ਅਤੇ ਵੀਜੇ ਸੋਨੀਪਤ ਵਾਲੇ ਨਾਲ ਹੋਵੇਗੀ ਅਤੇ ਦੂਜੀ ਕੁਸ਼ਤੀ ਪਰਮਿੰਦਰ ਪੱਟੀ ਅਤੇ ਦਿਲਪ੍ਰੀਤ ਫਰਾਲਾ ਨਾਲ ਹੋਵੇਗੀ। ਹੋਰ ਵੀ ਕੁਸ਼ਤੀਆਂ ਕਰਵਾਈਆਂ ਜਾਣਗੀਆਂ।

ਜਿਨ੍ਹਾਂ ਦੇ ਪਹਿਲਾਂ ਇਨਾਮ ਬਲਦੇਵ ਸਿੰਘ, ਮਨਜਿੰਦਰ ਸਿੰਘ, ਹਰਪ੍ਰੀਤ ਸਿੰਘ ਵਲੋਂ ਮੋਟਰਸਾਈਕਲ ਹੋਵੇਗਾ। ਦੂਜਾ ਇਨਾਮ 31000 ਰੁਪਏ ਸਵ; ਸੰਸਾਰੀ ਰਾਮ ਦੇ ਪਰਵਾਰ ਵੱਲੋਂ ਦਿੱਤਾ ਜਾਵੇਗਾ ਅਤੇ ਅਤੇ ਤੀਜਾ ਇਨਾਮ 21000 ਰੁਪਏ ਅਮਰਜੀਤ ਸਿੰਘ ਨੰਬਰਦਾਰ ਅਤੇ ਹਰਨੇਕ ਸਿੰਘ ਅਤੇ ਦਲਜੀਤ ਸਿੰਘ ਸਾਬਕਾ ਸਰਪੰਚ ਵਲੋਂ ਦਿੱਤੇ ਜਾਣਗੇ। ਦਰਸ਼ਕਾਂ ਵਲੋਂ ਫ੍ਰੀ ਕੋਪਨ ਇਨਾਮ , 5 ਸਾਈਕਲ ਵਲੋਂ ਗੁਰਵਿੰਦਰ ਸਿੰਘ ਪੁੱਤਰ ਗੁਰਦਾਵਰ ਸਿੰਘ ਪਰਮਜੀਤ ਸਿੰਘ ਫੱਟੜ ਇਨਾਮ ਦਿੱਤੇ ਜਾਣਗੇ। ਲੰਗਰ ਦੀ ਸੇਵਾ ਸ: ਕੁਲਵਿੰਦਰ ਸਿੰਘ ਅਵਤਾਰ ਸਿੰਘ ਜਵਾਹਰ ਕਿਆ ਵਲੋਂ ਇੱਕ ਲੱਖ ਇੱਕ ਰੁਪਏ ਦਿੱਤੇ ਜਾਣਗੇ। ਇਸ ਛਿੰਝ ਮੇਲੇ ਦੇ ਮੁੱਖ ਮਹਿਮਾਨ ਹਲਕਾ ਨਕੋਦਰ ਦੇ ਵਿਧਾਇਕ ਬੀਬੀ ਇੰਦਰਜੀਤ ਕੌਰ ਮਾਨ ਹੋਣਗੇ।

# ਜਨਤਾ ਸੇਵਾ ਸੰਮਤੀ ਵੱਲੋਂ ਰੇਲਵੇ ਪਲੇਟਫਾਰਮ 'ਤੇ ਜਲ ਸੇਵਾ ਸਮਾਪਤ

**ਫਗਵਾੜਾ ( ਡਾ. ਰਮਨ )**- ਜਨਤਾ ਸੇਵਾ ਸੰਮਤੀ ਵੱਲੋਂ ਸੰਮਤੀ ਪ੍ਰਧਾਨ ਵਿਪਨ ਖੁਰਾਣਾ ਦੀ ਅਗਵਾਈ ਹੇਠ ਅੱਜ ਸਥਾਨਕ ਰੇਲਵੇ ਪਲੇਟਫਾਰਮ 'ਤੇ ਗਰਮੀ ਦੇ ਮੌਸਮ ਦੌਰਾਨ ਚਲਾਈ ਜਾਣ ਵਾਲੀ ਜਲ ਸੇਵਾ ਦਾ ਸਮਾਪਨ ਕੀਤਾ ਗਿਆ। ਜਲ ਸੇਵਾ ਦੀ ਸੰਪੂਰਨਤਾ ਮੌਕੇ ਕਰਵਾਏ ਸਮਾਗਮ ਦੌਰਾਨ ਆਮ ਆਦਮੀ ਪਾਰਟੀ ਦੀ ਮਹਿਲਾ ਆਗੂ ਤੇ ਉੱਘੀ ਸਮਾਜ ਸੇਵਿਕਾ ਪ੍ਰਿਤਪਾਲ ਕੌਰ ਤੁਲੀ ਅਤੇ ਬਲੱਡ ਬੈਂਕ ਗੁਰੂ ਹਰਗੋਬਿੰਦ ਨਗਰ ਫਗਵਾੜਾ ਦੇ ਪ੍ਰਧਾਨ ਮਲਕੀਅਤ ਸਿੰਘ ਰਘਬੋਤਰਾ ਸਾਬਕਾ ਪ੍ਰਧਾਨ ਨਗਰ ਕੌਂਸਲ ਫਗਵਾੜਾ ਨੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ। ਪ੍ਰਿਤਪਾਲ ਕੌਰ ਤੁਲੀ ਨੇ ਵਿਪਨ ਖੁਰਾਣਾ ਅਤੇ ਉਨ੍ਹਾਂ ਦੀ ਟੀਮ ਦੀ ਪਿਛਲੇ 35 ਸਾਲਾਂ ਤੋਂ ਗਰਮੀਆਂ ਵਿੱਚ ਕੀਤੀ ਜਾ ਰਹੀ ਪਾਣੀ ਦੀ ਸੇਵਾ ਲਈ ਸ਼ਲਾਘਾ ਕੀਤੀ। ਉਨ੍ਹਾਂ ਕਿਹਾ ਕਿ ਪੈਸੇਂਜਰ ਟਰ

7-Sep-PAGE- 9 qxd.qxd 9/6/2023 8:21 PM Page 1



# ਨਸ਼ਾ ਛੱਡਣ ਵਾਲੇ ਨੂੰ 50 ਹਜ਼ਾਰ ਨਾਲ ਕੰਮ ਖੋਲ੍ਹ ਕੇ ਦਿੱਤਾ ਜਾਵੇਗਾ : ਨਿਰਮਲ ਚੰਦ

**ਅੱਪਰਾ (ਨਿਰਮਲ ਗੁੜਾ)**-ਥਾਣਾ ਗੁਰਾਇਆ ਅਧੀਨ ਪੈਂਦੇ ਪਿੰਡ ਗੁੜਾ ਵਿਖੇ ਪੁਲਸ ਚੌਕੀ ਧੁਲੇਤਾ ਦੇ ਇੰਚਾਰਜ ਸੁਖਵਿੰਦਰ ਪਾਲ ਸੋਢੀ ਅਤੇ ਗ੍ਰਾਮ ਪੰਚਾਇਤ ਗੁੜਾ ਵਲੋਂ ਨਸ਼ਿਆਂ ਪ੍ਰਤੀ ਜਾਗਰੂਕਤਾ ਸੈਮੀਨਾਰ ਦਾ ਆਯੋਜਨ ਕੀਤਾ ਗਿਆ, ਜਿਥੇ ਪਿੰਡ ਵਾਸੀਆਂ ਨੇ ਬਹੁਤ ਹੀ ਦਿਲਚਸਪੀ ਨਾਲ ਭਾਗ ਲਿਆ ਅਤੇ ਸਰਕਾਰ ਦੇ ਇਸ ਨੇਕ ਉਪਰਾਲੇ ਦਾ ਸਵਾਗਤ ਕੀਤਾ। ਭਾਰੀ ਇਕੱਠ ਨੂੰ ਸੰਬੋਧਨ ਕਰਦਿਆਂ ਏ ਐਸ ਆਈ ਸੁਖਵਿੰਦਰ ਪਾਲ ਨੇ ਕਿਹਾ ਕਿ ਜੋ ਬੱਚੇ ਨਸ਼ਿਆਂ ਦੀ ਮਾੜੀ ਦਲਦਲ ਵਿੱਚ ਫਸ ਚੁੱਕੇ ਹਨ, ਉਹਨਾਂ ਨਾਲ ਨਫਰਤ ਕਰਨ ਦੀ ਬਜਾਏ ਨਸ਼ਿਆਂ ਤੋਂ ਹਟਾ ਕਿ ਵਾਪਿਸ ਚੰਗੇ ਜੀਵਨ ਵਿੱਚ ਲਿਆਉਣ ਦੇ ਯਤਨ ਕਰੀਏ। ਉਹਨਾਂ ਅੱਗੇ ਕਿਹਾ ਕਿ ਨਸ਼ਿਆਂ ਵਿੱਚ ਪੈ ਚੁੱਕੇ ਵਿਅਕਤੀਆਂ ਨੂੰ ਬਿਨਾਂ ਕਿਸੇ ਝਿੱਜਕ ਦੇ ਪੁਲਸ ਨਾਲ ਸੰਪਰਕ ਕਰਕੇ ਨਸ਼ਾ ਛਡਾਊ ਕੇਂਦਰ (ਮੁੜ ਵਸੇਬਾ ਘਰ) ਵਿੱਚ ਭਰਤੀ ਹੋ ਕਿ ਨਸ਼ੇ ਨੂੰ ਛੱਡ ਕਿ ਇਕ ਚੰਗੇ ਭਵਿੱਖ ਦੀ ਸ਼ੁਰੂਅਤ ਕਰਨੀ ਚਾਹੀਦੀ ਹੈ, ਇਸ ਹਿੰਮਤ ਲਈ ਪੁਲਿਸ ਹਮੇਸ਼ਾਂ ਸਾਥ ਦੇਵੇਗੀ। ਇਸ ਮੌਕੇ ਨਿਰਮਲ ਚੰਦ ਨੇ ਕਿਹਾ ਕਿ ਜਿਹੜਾ ਬੱਚਾ ਨਸ਼ੇ ਛੱਡ ਕੇ ਇਕ ਚੰਗਾ ਇਨਸਾਨ ਬਣਨ ਦਾ ਯਤਨ ਕਰੇਗਾ ਉਸ ਨੂੰ ਡਾ ਬੀ ਆਰ ਅੰਬੇਡਕਰ ਵੈਲਫੇਅਰ ਸੁਸਾਇਟੀ ਗੁੜਾ ਵਲੋਂ 50 ਹਜਾਰ ਰੁਪਏ ਦੀ ਲਾਗਤ ਨਾਲ ਕੰਮ ਖੋਲ੍ਹ ਕੇ ਦਿੱਤਾ ਜਾਵੇਗਾ ਤਾਂ ਕਿ ਨਸ਼ੇ ਦੀ ਦਲਦਲ 'ਚੋਂ ਬਾਹਰ ਆਇਆ ਵਿਅਕਤੀ ਵੀ ਮਿਹਨਤ ਕਰਕੇ ਆਪਣੇ ਪਰਵਾਰ ਅਤੇ ਸਮਾਜ ਦਾ ਹਿੱਸਾ ਬਣ ਕੇ ਚੰਗਾ ਜੀਵਨ ਬਤੀਤ ਕਰ ਸਕੇ। ਇਸ ਮੌਕੇ ਸਮਾਜ ਸੇਵਕ ਗੁਰਪ੍ਰੀਤ ਸਿੰਘ , ਪੰਚ ਸਤਨਾਮ, ਪੰਚ ਦੇਸ ਰਾਜ, ਪੰਚ ਪ੍ਰਦੀਪ ਕੁਮਾਰ, ਲੰਬੜਦਾਰ ਅਸ਼ੋਕ ਕੁਮਾਰ, ਤੀਰਥ ਰਾਮ, ਬਚਨਾ ਰਾਮ, ਰਾਮ ਦਾਸ, ਚਮਨ ਲਾਲ ਅਤੇ ਹੋਰ ਪਿੰਡ ਦੀਆਂ ਸਖਸ਼ੀਅਤਾਂ ਤੋਂ ਇਲਾਵਾ ਪਿੰਡ ਦੀਆਂ ਔਰਤਾਂ ਅਤੇ ਨੌਜਵਾਨ ਹਾਜਰ ਸਨ।

# ਡੈਮੋਕ੍ਰੇਟਿਕ ਭਾਰਤੀ ਸਮਾਜ ਪਾਰਟੀ ਦੇ ਸੰਸਥਾਪਕ ਵਿਜੇ ਹੰਸ ਦੀ ਚੌਥੀ ਬਰਸੀ ਮਨਾਈ

**ਜਲੰਧਰ ( ਇਕਬਾਲ ਸਿੰਘ ਉੱਭੀ )** ਡੈਮੋਕ੍ਰੇਟਿਕ ਭਾਰਤੀ ਸਮਾਜ ਪਾਰਟੀ ਦੇ ਸੰਸਥਾਪਕ ਮਰਹੂਮ ਵਿਜੇ ਹੰਸ ਦੀ ਚੌਥੀ ਬਰਸੀ ਪਾਰਟੀ ਦੇ ਮੁੱਖ ਦਫਤਰ ਪਿੰਡ ਅਲਾਵਲਪੁਰ ਜ਼ਿਲ੍ਹਾ ਜਲੰਧਰ ਵਿਖੇ ਮਨਾਈ ਗਈ। ਡੈਮੋਕ੍ਰੇਟਿਕ ਭਾਰਤੀ ਸਮਾਜ ਪਾਰਟੀ ਦੇ ਕੌਮੀ ਪ੍ਰਧਾਨ ਰਜਿੰਦਰ ਗਿੱਲ ਨੇ ਆਪਣੇ ਸਾਥੀਆਂ ਸਮੇਤ ਵਿਜੇ ਹੰਸ ਵੱਲੋਂ ਦਰਸਾਏ ਕਦਰਾਂ-ਕੀਮਤਾਂ ਅਤੇ ਸਿਧਾਂਤਾਂ ਨੂੰ ਬਰਕਰਾਰ ਰੱਖਣ ਦਾ ਪ੍ਰਣ ਲਿਆ। ਉਨ੍ਹਾਂ ਨੇ ਹਾਸ਼ੀਏ 'ਤੇ ਪਏ ਦਲਿਤ ਭਾਈਚਾਰੇ ਦੀ ਆਵਾਜ ਬਣਨ ਦੀ ਆਪਣੀ ਵਚਨਬੱਧਤਾ ਨੂੰ ਦੁਹਰਾਇਆ ਅਤੇ ਸਮਾਜ ਦੀ ਬਿਹਤਰੀ ਲਈ ਆਪਣੇ ਯਤਨ ਜਾਰੀ ਰੱਖਣ ਦਾ ਅਹਿਦ ਲਿਆ। ਸਮਾਗਮ ਦੌਰਾਨ ਹਾਜਰ ਸੰਗਤਾਂ ਨੇ ਵਿਜੇ ਹੰਸ ਦੀ ਤਸਵੀਰ 'ਤੇ ਫੁੱਲ ਮਾਲਾਵਾਂ ਭੇਟ ਕਰਕੇ ਉਨ੍ਹਾਂ ਨੂੰ ਸ਼ਰਧਾਂਜਲੀ ਭੇਟ ਕੀਤੀ। ਇਸ ਮੌਕੇ ਕੌਮੀ ਮੀਤ ਪ੍ਰਧਾਨ ਲਖਬੀਰ ਸਿੰਘ ਰਾਜਧਾਨ, ਕੌਮੀ ਚੇਅਰਮੈਨ ਪ੍ਰਿੰਸੀਪਲ ਮੋਹਨ ਲਾਲ ਖੋਸਲਾ, ਹਲਕਾ ਕਰਤਾਰਪੁਰ ਦੇ ਪ੍ਰਧਾਨ ਸੁਖਵਿੰਦਰ ਸਿੰਘ, ਪੰਜਾਬ ਦੇ ਯੂਥ ਮੀਤ ਪ੍ਰਧਾਨ ਸੰਦੀਪ ਕੁਮਾਰ, ਹਲਕਾ ਆਦਮਪੁਰ ਦੇ ਯੂਥ ਇੰਚਾਰਜ ਕੱਲੂ ਰਾਮ, ਮਨਜੀਤ ਕੌਰ, ਡਾ. ਜਲੰਧਰ ਦੀ ਇਸਤਰੀ ਪ੍ਰਧਾਨ ਮੂਰਤੀ ਦੇਵੀ, ਯੁਵਾ ਆਗੂ ਜਲੰਧਰ ਦੀ ਮਹਿਲਾ ਮੀਤ ਪ੍ਰਧਾਨ ਸੰਨੀ ਕੁਮਾਰ, ਮੁਕੇਸ਼ ਕੁਮਾਰ ਕੌਮੀ ਸਕੱਤਰ ਅਤੇ ਦੁਆਬਾ ਜੋਨ ਦੇ ਮੀਤ ਪ੍ਰਧਾਨ ਸੰਜੀਵ ਸਹੋਤਾ ਸਮੇਤ ਹੋਰ ਪਾਰਟੀ ਮੈਂਬਰਾਂ ਨੇ ਵੀ ਸ਼ਰਧਾਂਜਲੀ ਭੇਟ ਕੀਤੀ।

# ਬਿਜਲੀ ਮੁਲਾਜ਼ਮਾਂ ਵੱਲੋਂ ਵੱਡੇ ਰੋਸ ਦਾ ਪ੍ਰਗਟਾਵਾ

**ਸ਼ਾਹਕੋਟ (ਗਿਆਨ ਸੈਦਪੁਰੀ)**- ਮੰਗਲਵਾਰ ਨੂੰ ਪੀ. ਐਸ. ਈ. ਬੀ. ਇਪਲਾਈਜ਼ ਫੈਡਰੇਸ਼ਨ ਏਜੰਟ ਪੰਜਾਬ ਵੱਲੋਂ ਸਮੁੱਚੇ ਪੰਜਾਬ ਅੰਦਰ ਸਰਕਾਰ ਵੱਲੋਂ ਲਗਾਏ ਐਸਮਾ ਦੇ ਵਿਰੋਧ ਵਿੱਚ ਜ਼ਿਲ੍ਹਾ ਪੱਧਰ 'ਤੇ ਡੀ. ਸੀ. ਦਫਤਰ, ਤਹਿਸੀਲ ਕੰਪਲੈਕਸ ਅਤੇ ਪਾਵਰਕਾਮ ਦੇ ਸਰਕਲ ਦਫਤਰਾਂ, ਡਵੀਜ਼ਨ ਦਫਤਰਾਂ ਅੱਗੇ ਵੱਡੇ ਪੱਧਰ 'ਤੇ ਰੋਸ ਰੈਲੀਆਂ ਕੀਤੀਆਂ ਗਈਆਂ। ਇਨ੍ਹਾਂ ਰੋਸ ਰੈਲੀਆਂ ਦਾ ਮੁੱਖ ਮੰਤਵ ਪੰਜਾਬ ਸਰਕਾਰ ਵੱਲੋਂ ਮੁਲਾਜ਼ਮ ਲਹਿਰ ਨੂੰ ਕੁਚਲਣ ਲਈ ਲਾਈ ਐਸਮਾ ਅਤੇ ਹੋਰ ਮੁਲਾਜ਼ਮਾਂ ਦੀਆਂ ਮੰਨੀਆ ਮੰਗਾਂ ਨੂੰ ਲਾਗੂ ਕਰਾਉਣ ਲਈ ਮੁਲਾਜ਼ਮਾਂ ਵੱਲੋਂ ਕੀਤੇ ਸੰਘਰਸ਼ ਨੂੰ ਉਲਝਾਉਣ ਵਿਰੁੱਧ ਹੈ। ਪੰਜਾਬ ਵਿੱਚ ਪਿਛਲੀਆਂ ਸਰਕਾਰਾਂ ਵੱਲੋਂ ਮੁਲਾਜ਼ਮਾਂ ਦੀਆਂ ਮੰਗਾਂ ਸਬੰਧੀ ਲਾਰੇ ਲਾਪੇ ਵਾਲੀ ਨੀਤੀ ਤਹਿਤ ਡੰਗ ਟਪਾਈ ਕੀਤੀ ਗਈ ਸੀ, ਉਸੇ ਹੀ ਤਰਜ਼ 'ਤੇ ਆਮ ਆਦਮੀ ਪਾਰਟੀ ਦੀ ਸਰਕਾਰ ਚੱਲ ਰਹੀ ਹੈ। ਜਿਸ ਕਾਰਨ ਮੁਲਾਜ਼ਮਾਂ ਵਿੱਚ ਗੁੱਸੇ ਦੀ ਲਹਿਰ ਹੈ। ਮੁਲਾਜ਼ਮਾਂ ਵੱਲੋਂ ਕੀਤੇ ਵੱਡੇ ਇਕੱਠਾ

ਸੁਰਿੰਦਰਪਾਲ ਸਿੰਘ ਲਹੌਰੀਆ ਦੀ ਅਗਵਾਈ ਵਿੱਚ ਰੋਸ ਪ੍ਰਦਰਸ਼ਨ ਕਰਦੇ ਹੋਏ ਮੁਲਾਜ਼ਮ

ਦੌਰਾਨ ਪੰਜਾਬ ਸਰਕਾਰ ਦੇ ਪ੍ਰਤੀਨਿਧਾਂ ਵੱਲੋਂ ਕੀਤੇ ਵਾਅਦੇ ਮੁਤਾਬਕ ਮੁੱਖ ਮੰਤਰੀ ਵੱਲੋਂ ਦਿੱਤੀਆਂ ਮੀਟਿੰਗਾਂ ਐਨ ਸਮੇਂ 'ਤੇ ਰੱਦ ਕਰ ਦਿੱਤੀਆਂ ਜਾਂਦੀਆਂ ਹਨ ਜੋ ਨਿੰਦਣਯੋਗ ਹੈ। ਅੱਜ ਦੇ ਸੰਕੇਤਕ ਰੋਸ ਵਿਖਾਵੇ ਨੂੰ ਜਥੇਬੰਦੀ ਦੇ ਸੂਬਾ ਪ੍ਰਧਾਨ ਗੁਰਪ੍ਰੀਤ ਸਿੰਘ ਗੰਡੀਵਿੰਡ ਨੇ ਸੰਬੋਧਨ ਕੀਤਾ। ਰੋਪੜ, ਮੋਹਾਲੀ, ਪਟਿਆਲਾ, ਸੰਗਰੂਰ, ਬਰਨਾਲਾ, ਗੁਰਦਾਸਪੁਰ, ਅੰਮ੍ਰਿਤਸਰ, ਰੋਪੜ, ਫਰੀਦਕੋਟ ਆਦਿ ਜ਼ਿਲ੍ਹਾ ਹੈਡਕੁਆਟਰ 'ਤੇ ਜ਼ੋਰਦਾਰ ਪ੍ਰਦਰਸ਼ਨ ਕੀਤਾ ਗਿਆ। ਇਨ੍ਹਾਂ ਰੋਸ ਵਿਖਾਵਿਆਂ ਨੂੰ ਸੁਰਿੰਦਰਪਾਲ ਸਿੰਘ ਲਹੌਰੀਆ, ਨਰਿੰਦਰ ਸਿੰਘ ਸੈਣੀ ਸਾਬਕਾ ਜਨਰਲ ਸਕੱਤਰ, ਹਰਭਜਨ ਸਿੰਘ ਪਿਲਖਣੀ, ਗੁਰਵਿੰਦਰ ਸਿੰਘ ਰੋਪੜ ਵਰਕਿੰਗ ਪ੍ਰਧਾਨ, ਕਰਤਾਰ ਸਿੰਘ, ਬਲਵਿੰਦਰ ਸਿੰਘ ਉਧੀਪੁਰ, ਗੁਰਧਿਆਨ ਸਿੰਘ, ਰਛਪਾਲ ਸਿੰਘ ਪਾਲੀ, ਦਰਸ਼ਨ ਲਾਲ ਆਦਿ ਆਗੂਆਂ ਨੇ ਸੰਬੋਧਨ ਕੀਤਾ।

# ਆਈ ਕੇ ਜੀ ਪੀ ਟੀ ਯੂ 'ਚ ਅਧਿਆਪਕ ਦਿਵਸ ਮੌਕੇ ਸ਼ਾਨਦਾਰ ਸਮਾਗਮ

**ਜਲੰਧਰ -(ਸ਼ੈਲੀ ਐਲਬਰਟ)**-ਪੜ੍ਹਾਉਣਾ ਕੋਈ ਸਮਾਂਬੱਧ ਡਿਊਟੀ ਨਹੀਂ ਹੈ , ਇਹ ਸਮਾਜ ਨਾਲ ਜੀਵਨ ਭਰ ਦਾ ਰਿਸ਼ਤਾ ਹੈ! ਸਿੱਖਿਆ ਦੇਣ ਨਾਲ ਅਧਿਆਪਕ ਨੂੰ ਸਮਾਜ ਵਿੱਚ ਸਤਿਕਾਰ ਮਿਲਦਾ ਹੈ । ਇਸ ਨਾਲ ਅਧਿਆਪਕ ਦੀ ਸਮਾਜ ਪ੍ਰਤੀ ਜ਼ਿੰਮੇਵਾਰੀ ਹੋਰ ਵੀ ਵੱਧ ਜਾਂਦੀ ਹੈ। ਅਧਿਆਪਨ ਤੋਂ ਮਿਲੇ ਸਨਮਾਨ ਦੇ ਬਦਲੇ ਇਹ ਅਧਿਆਪਕ ਦਾ ਫਰਜ਼ ਬਣਦਾ ਹੈ ਕਿ ਉਹ ਇੱਕ ਬਿਹਤਰ ਸਮਾਜ ਦੀ ਉਸਾਰੀ ਲਈ ਤਤਪਰ ਰਹੇ। ਇਹ ਵਿਚਾਰ ਆਈ.ਕੇ.ਗੁਜਰਾਲ ਪੰਜਾਬ ਟੈਕਨੀਕਲ ਯੂਨੀਵਰਸਿਟੀ (ਆਈ.ਕੇ.ਜੀ. ਪੀ.ਟੀ.ਯੂ.) ਦੇ ਉਪ-ਕੁਲਪਤੀ ਡਾ. ਸੁਸ਼ੀਲ ਮਿੱਤਲ ਦੇ ਹਨ। ਡਾ. ਮਿੱਤਲ ਮੰਗਲਵਾਰ ਨੂੰ ਯੂਨੀਵਰਸਿਟੀ ਦੇ ਮੁੱਖ ਕੈਂਪਸ ਵਿਖੇ ਆਯੋਜਿਤ ਅਧਿਆਪਕ ਦਿਵਸ ਦੇ ਸ਼ਾਨਦਾਰ ਸਮਾਗਮ ਨੂੰ ਮੁੱਖ ਮਹਿਮਾਨ ਵਜੋਂ ਸੰਬੋਧਨ ਕਰ ਰਹੇ ਸਨ। ਉਨ੍ਹਾਂ ਕਿਹਾ ਕਿ ਭਾਵੇਂ ਹਰ ਅਧਿਆਪਕ ਦਾ ਪੜ੍ਹਾਉਣ ਦਾ ਢੰਗ ਅਤੇ ਸੰਚਾਰ ਦੇ ਸਾਧਨ ਵੱਖ-ਵੱਖ ਹੁੰਦੇ ਹਨ, ਪਰ ਇਸ ਨਾਲ ਜੁੜਿਆ ਕੰਮ ਅਤੇ ਜਨੂੰਨ ਸਾਰੇ ਅਧਿਆਪਕਾਂ ਲਈ ਇੱਕੋ ਜਿਹਾ ਹੁੰਦਾ ਹੈ । ਅਧਿਆਪਕ ਦਾ ਉਦੇਸ਼ ਹਮੇਸ਼ਾ ਸਮਾਜ ਦਾ ਨਿਰਮਾਣ ਕਰਨਾ ਹੁੰਦਾ ਹੈ। ਉਪ-ਕੁਲਪਤੀ ਡਾ. ਸੁਸ਼ੀਲ ਮਿੱਤਲ ਨੇ ਕਲਾਸਰੂਮ ਸਟੱਡੀ, ਔਨਲਾਈਨ ਕਲਾਸ ਅਤੇ ਪੱਤਰ ਵਿਹਾਰ ਦੇ ਅਧਿਐਨ ਦੇ ਵਿਚਕਾਰ ਵੀ ਅਧਿਆਪਕ ਦੀ ਅਹਿਮ ਭੂਮਿਕਾ ਬਾਰੇ ਦੱਸਿਆ! ਉਨ੍ਹਾਂ ਸਮੂਹ ਅਧਿਆਪਕਾਂ ਨੂੰ ਇਸ ਵਿਸ਼ੇਸ਼ ਦਿਨ ਦੀ ਵਧਾਈ ਦਿੱਤੀ ਅਤੇ ਵਧੀਆ ਸਮਾਜ ਦੀ ਉਸਾਰੀ ਲਈ ਪ੍ਰੇਰਿਤ ਕੀਤਾ। ਸਮਾਗਮ ਦਾ ਆਯੋਜਨ ਯੂਨੀਵਰਸਿਟੀ ਦੇ ਵਿਦਿਆਰਥੀ ਭਲਾਈ ਵਿਭਾਗ ਵੱਲੋਂ ਕੀਤਾ ਗਿਆ । ਡੀਨ ਵਿਦਿਆਰਥੀ ਭਲਾਈ ਡਾ.ਗੌਰਵ ਭਾਰਗਵ ਨੇ ਮੰਚ ਤੋਂ ਸਵਾਗਤੀ ਭਾਸ਼ਣ ਦਿੱਤਾ । ਰਜਿਸਟਰਾਰ ਡਾ.ਐਸ.ਕੇ.ਮਿਸ਼ਰਾ ਨੇ ਅਧਿਆਪਕ ਦਿਵਸ ਦੀ ਮਹੱਤਤਾ ਬਾਰੇ ਦੱਸਦਿਆਂ ਯੂਨੀਵਰਸਿਟੀ ਵਿੱਚ ਸਰਵੋਤਮ ਅਧਿਆਪਕ ਅਵਾਰਡ, ਕੁਆਲਿਟੀ ਅਤੇ ਨਿਊ ਕੰਸੈਪਟ ਐਜੂਕੇਸ਼ਨ ਲਈ ਅਧਿਆਪਕਾਂ ਵਿਚਕਾਰ ਅਕਾਦਮਿਕ ਮੁਕਾਬਲਾ ਕਰਵਾਏ ਜਾਣ ਬਾਰੇ ਪ੍ਰਸਤਾਵ ਰੱਖਿਆ! ਮੰਚ ਸੰਚਾਲਨ ਪੰਜਾਬੀ ਦੇ ਸਹਾਇਕ ਪ੍ਰੋਫੈਸਰ ਡਾ. ਸਰਬਜੀਤ ਸਿੰਘ ਮਾਨ ਨੇ ਕੀਤਾ। ਇਸ ਮੌਕੇ ਯੂਨੀਵਰਸਿਟੀ ਦੇ ਡੀਨ ਅਕਾਦਮਿਕ ਪ੍ਰੋ: (ਡਾ.) ਵਿਕਾਸ ਚਾਵਲਾ, ਡੀਨ ਖੋਜ ਅਤੇ ਵਿਕਾਸ ਡਾ. ਹਿਤੇਸ਼ ਸ਼ਰਮਾ, ਕੰਟਰੋਲਰ ਪ੍ਰੀਖਿਆ ਡਾ. ਪਰਮਜੀਤ ਸਿੰਘ ਅਤੇ ਵੱਖ-ਵੱਖ ਅਕਾਦਮਿਕ ਤੇ ਪ੍ਰਬੰਧਨ ਵਿਭਾਗਾਂ ਦੇ ਮੁਖੀ ਤੇ ਹੋਰ ਅਧਿਕਾਰੀ, ਫੈਕਲਟੀ ਮੈਂਬਰ ਹਾਜ਼ਰ ਸਨ।

# ਗੁਰਬਾਣੀ ਦੇ ਗੁਟਕਾ ਸਾਹਿਬ ਤੇ ਹੋਰ ਲਿਟਰੇਚਰ ਭੇਟ

**ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ)**-ਕਾਰ ਸੇਵਾ ਗੁਰਦੁਆਰਾ ਲੰਗਰ ਸਾਹਿਬ ਸੰਤ ਬਾਬਾ ਨਿਧਾਨ ਸਿੰਘ ਸ੍ਰੀ ਹਜ਼ੂਰ ਸਾਹਿਬ (ਨਾਂਦੇੜ) ਦੇ ਮੁੱਖ ਸੇਵਾਦਾਰ ਸੰਤ ਬਾਬਾ ਨਰਿੰਦਰ ਸਿੰਘ -ਸੰਤ ਬਾਬਾ ਬਲਵਿੰਦਰ ਸਿੰਘ ਸ੍ਰੀ ਹਜ਼ੂਰ ਸਾਹਿਬ ਵਾਲਿਆਂ ਵੱਲੋਂ ਤੇਲੰਗਾਨਾ ਤੇ ਮਹਾਂਰਾਸ਼ਟਰ ਦੀਆਂ ਸੰਗਤਾਂ ਦੀ ਮੰਗ ਉੱਤੇ ਉੱਥੋਂ ਦੀ ਤੇਲਗੂ ਤੇ ਮਰਾਠੀ ਭਾਸ਼ਾ 'ਚ ਗੁਰੂ ਸਾਹਿਬਾਨਾਂ ਤੇ ਭਗਤ ਸਾਹਿਬਾਨਾਂ ਨਾਲ ਸਬੰਧਿਤ ਗੁਰਮਤਿ ਤੇ ਇਤਿਹਾਸਕ ਲਿਟਰੇਚਰ ਅਤੇ ਨਿਤਨੇਮ ਦੀਆਂ ਬਾਣੀਆਂ ਦੇ ਗੁਟਕਾ ਸਾਹਿਬ ਤਿਆਰ ਕਰਵਾਏ ਗਏ। ਇਨਾਂ ਉਕਤ ਗਰਮਤਿ ਤੇ ਇਤਿਹਾਸਕ

ਲਿਟਰੇਚਰ, ਗੁਟਕਾ ਸਾਹਿਬ ਆਦਿ ਨੂੰ ਉੱਥੋਂ ਦੇ ਆਗੂਆਂ ਭਾਈ ਪਾਂਡੂਰੰਗ ਸਿੰਘ ਖਾਲਸਾ , ਭਾਈ ਚਰਨ ਸਿੰਘ, ਭਾਈ ਭੁਮੰਨਾ, ਭਾਈ ਸੁਰੇਸ਼, ਭਾਈ ਅਬੈਆ , ਭਾਈ ਸੈਲੂ , ਭਾਈ ਗੰਗਾਧਰ , ਭਾਈ ਸ਼ੀਕਾਂਤ, ਭਾਈ ਨਰੇਸ਼ , ਭਾਈ ਸੰਜੂ , ਭਾਈ ਸ਼ੰਕਰ ਪਟੇਲ ਨੂੰ ਭੇਟ ਕਰਦਿਆਂ ਜਥੇਦਾਰ ਬਾਬਾ ਗੁਰਮੀਤ ਸਿੰਘ ਨਡਾਲੋਂ ਨੇ ਕਿਹਾ ਕਿ ਕਾਰ ਸੇਵਾ ਗੁਰਦਵਾਰਾ ਲੰਗਰ ਸਾਹਿਬ ਸੰਤ ਬਾਬਾ ਨਿਧਾਨ ਸਿੰਘ ਜੀ ਸ੍ਰੀ ਹਜ਼ੂਰ ਸਾਹਿਬ ਵੱਲੋਂ ਸਿੱਖੀ ਦੇ ਪ੍ਰਚਾਰ ਤੇ ਪ੍ਰਸਾਰ ਲਈ ਹਰ ਸੰਭਵ ਯਤਨ ਕੀਤਾ ਜਾ ਰਿਹਾ ਹੈ। ਇਸ ਮੌਕੇ ਭਾਈ ਪਾਂਡੂਰੰਗ ਸਿੰਘ ਖਾਲਸਾ ਨੇ ਉਨ੍ਹਾਂ ਦੀ ਮੰਗ 'ਤੇ ਮਹਾਂਪੁਰਸ਼ਾਂ ਵੱਲੋਂ ਕੀਤੇ ਉਕਤ ਵੱਡਮੁੱਲੇ ਉਪਰਾਲੇ ਲਈ ਉਨ੍ਹਾਂ ਦਾ ਧੰਨਵਾਦ ਕੀਤਾ। ਇਸ ਮੌਕੇ ਬਾਬਾ ਰਣਜੀਤ ਸਿੰਘ, ਬਾਬਾ ਜਰਨੈਲ ਸਿੰਘ ਨਡਾਲੋਂ, ਸਾਬਕਾ ਸਰਪੰਚ ਜਸਬੀਰ ਸਿੰਘ ਭੱਟੀ ਨਡਾਲੋਂ, ਜਥੇਦਾਰ ਇਕਬਾਲ ਸਿੰਘ ਖੇੜਾ, ਲੱਖਾ ਸਿੰਘ ਪਾਲਦੀ, ਬਲਜਿੰਦਰ ਸਿੰਘ ਪੰਜੋੜ, ਬੂਟਾ ਸਿੰਘ ਕੋਟ ਫਤੂਹੀ ਆਦਿ ਹਾਜ਼ਰ ਸਨ।

# ਮਨੀਪੁਰ 'ਚ ਪੱਤਰਕਾਰਾਂ 'ਤੇ ਕੇਸ ਦਰਜ ਕਰਨ ਦੀ ਨਿਖੇਧੀ

**ਬਹਿਰਾਮ (ਅਵਤਾਰ ਕਲੇਰ)** ਇੰਡੀਅਨ ਜਰਨਲਿਸਟਸ ਯੂਨੀਅਨ (ਆਈਜੇਯੂ) ਨੇ ਮਨੀਪੁਰ ਸਰਕਾਰ ਵੱਲੋਂ ਗਿਲਡ ਦੇ ਸੰਪਾਦਕ ਸਣੇ ਖੋਜ ਟੀਮ ਦੇ ਤਿੰਨ ਮੈਂਬਰਾਂ ਵਿਰੁੱਧ ਕੇਸ ਦਰਜ ਕਰਨ ਦੀ ਨਿਖੇਧੀ ਕੀਤੀ ਹੈ। ਇਸ ਟੀਮ ਵੱਲੋਂ ਮਨੀਪੁਰ 'ਚ ਹੋਈ ਹਿੰਸਾਂ ਸਬੰਧੀ ਸੂਬੇ ਦਾ ਦੌਰਾ ਕੀਤਾ ਜਾ ਰਿਹਾ ਸੀ। ਆਈਜੇਯੂ ਦੇ ਪ੍ਰਧਾਨ ਕੇ. ਸ੍ਰੀਨਿਵਾਸ ਰੇਡੀ ਤੇ ਸਕੱਤਰ ਜਨਰਲ ਬਲਵਿੰਦਰ ਸਿੰਘ ਜੰਮੂ ਨੇ ਪ੍ਰੈਸ ਬਿਆਨ ਜਾਰੀ ਕਰਦਿਆਂ ਕਿਹਾ ਕਿ ਮਨੀਪੁਰ ਪੁਲਸ ਨੇ ਇਹ ਕੇਸ ਪੱਤਰਕਾਰਾਂ ਨੂੰ ਡਰਾਉਣ-ਧਮਕਾਉਣ ਲਈ ਦਰਜ ਕੀਤਾ ਹੈ। ਉਨ੍ਹਾਂ ਕਿਹਾ ਕਿ ਇਹ ਮੁੱਖ ਮੰਤਰੀ ਵੱਲੋਂ ਕੇਸ ਦਰਜ ਕਰਨ ਦਾ ਐਲਾਨ ਕਰਨਾ ਤੇ ਦੌਰੇ ਦੀ ਆਲੋਚਨਾ ਕਰਨਾ ਦਰਸਾਉਂਦਾ ਹੈ ਕਿ ਇਹ ਕਿਸੇ ਵੱਡੇ ਸਿਆਸੀ ਆਗੂ ਦੇ ਇਸ਼ਾਰੇ 'ਤੇ ਕੀਤਾ ਜਾ ਰਿਹਾ ਹੈ। ਆਈਜੇਯੂ ਨੇ ਪੱਤਰਕਾਰਾਂ ਵਿਰੁੱਧ ਦਰਜ ਕੀਤੇ ਕੇਸ ਤੁਰੰਤ ਵਾਪਸ ਲੈਣ ਦੀ ਮੰਗ ਕੀਤੀ। ਐਡੀਟਰਜ਼ ਗਿਲਡ ਦੀ ਖੋਜ ਟੀਮ ਨੇ ਅਗਸਤ ਦੇ ਦੂਜੇ ਹਫ਼ਤੇ ਮਨੀਪੁਰ ਦਾ ਦੌਰਾ ਕੀਤਾ ਤੇ ਪਿਛਲੇ ਸ਼ਨੀਵਾਰ ਨੂੰ ਪੇਸ਼ ਕੀਤੀ ਆਪਣੀ ਰਿਪੋਰਟ 'ਚ ਕਿਹਾ ਕਿ 'ਰਾਜ ਦੀ ਲੀਡਰਸ਼ਿਪ ਸੰਘਰਸ਼ ਦੌਰਾਨ ਪੱਖਪਾਤੀ ਹੋ ਗਈ ਹੈ।' ਆਈਜੇਯੂ ਦੇ ਆਗੂਆਂ ਨੇ ਕਿਹਾ ਕਿ ਗਿਲਡ ਦੀ ਰਿਪੋਰਟ ਨੇ ਸਰਕਾਰ ਨੂੰ ਹੈਰਾਨ ਕਰ ਦਿੱਤਾ ਹੈ। ਉਨ੍ਹਾਂ ਕਿਹਾ ਕਿ ਸਰਕਾਰ ਨੂੰ ਪੱਤਰਕਾਰਾਂ 'ਤੇ ਕੇਸ ਦਰਜ ਕਰਕੇ ਮੀਡੀਆ ਦੀ ਆਵਾਜ਼ ਦਬਾਉਣ ਦੀ ਥਾਂ ਆਪਣੇ ਕੰਮਕਾਜ ਵਿੱਚ ਸੁਧਾਰ ਲਿਆਉਣਾ ਚਾਹੀਦਾ ਹੈ।

# ਨਸ਼ੀਲੇ ਪਦਾਰਥ ਸਮੇਤ ਦੋ ਸਮਗਲਰ ਗ੍ਰਿਫ਼ਤਾਰ

**ਟਾਂਡਾ ਉੜਮੁੜ (ਜਸਵਿੰਦਰ ਸੰਧੂ, ਉਂਕਾਰ ਸਿੰਘ)**- ਇੰਸਪੈਕਟਰ ਉਂਕਾਰ ਸਿੰਘ ਬਰਾੜ ਮੁੱਖ ਅਫਸਰ ਥਾਣਾ ਟਾਂਡਾ ਨੇ ਦੱਸਿਆ ਕਿ ਜ਼ਿਲ੍ਹਾ ਪੁਲਸ ਕਪਤਾਨ ਸਰਤਾਜ ਸਿੰਘ ਚਾਹਲ ਨੇ ਜ਼ਿਲ੍ਹੇ ਅੰਦਰ ਮਾੜੇ ਅਨਸਰਾਂ ਉਪਰ ਕ

7-SEP-PAGE-10.qxd 9/6/2023 8:30 PM Page 1



# ਕਿਸਾਨਾਂ ਨੇ ਬਿਜਲੀ ਬੋਰਡ ਦਫਤਰ ਦਾ ਕੀਤਾ ਘਿਰਾਓ

**ਮਲੋਟ, (ਗੁਰਮੀਤ ਸਿੰਘ ਮੱਕੜ)**:-ਪਿੰਡਾਂ ਦੇ ਕਿਸਾਨਾਂ ਵੱਲੋਂ ਖੇਤਾਂ ਵਿਚ ਬਿਜਲੀ ਸਪਲਾਈ ਨਿਰਵਿਘਨ ਨਾ ਚਲਾਏ ਜਾਣ ਦੇ ਰੋਸ ਵਜੋਂ ਇਕੱਠੇ ਹੋ ਕੇ ਬਿਜਲੀ ਬੋਰਡ ਦਫ਼ਤਰ ਦਾ ਘਿਰਾਓ ਕੀਤਾ ਗਿਆ। ਕਰਮਗੜ੍ਹ ਫੀਡਰ ਦੀ ਖੇਤੀ ਵਾਲੀ ਸਪਲਾਈ ਪਿਛਲੇ ਸੱਤ-ਅੱਠ ਦਿਨਾਂ ਤੋਂ ਅੱਠ ਘੰਟੇ ਵੀ ਪੂਰੀ ਨਹੀਂ ਆ ਰਹੀ, ਜਿਸ ਕਰਕੇ ਕਿਸਾਨਾਂ ਨੂੰ ਵੱਡੀਆਂ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇਸ ਮੌਕੇ ਕਿਸਾਨਾਂ ਨੇ ਕਿਹਾ ਕਿ ਇਸ ਸਮੇਂ ਝੋਨੇ ਦੀ ਫਸਲ ਨੂੰ ਪਾਣੀ ਦੀ ਸਖਤ ਜ਼ਰੂਰਤ ਹੈ ਜੋ ਕਿ ਬਿਜਲੀ ਨਾ ਆਉਣ ਕਰਕੇ ਕਿਸਾਨ ਪ੍ਰੇਸ਼ਾਨ ਹਨ। ਕਿਸਾਨਾਂ ਨੇ ਦੱਸਿਆ ਕਿ ਨਰਮੇ ਨੂੰ ਫੁੱਲ ਗੁੱਡੀ ਜ਼ੋਰਾਂ 'ਤੇ ਹੈ, ਜਿਸ ਕਰਕੇ ਨਰਮੇ ਦੀ ਫਸਲ ਨੂੰ ਵੀ ਪਾਣੀ ਦੀ ਬਹੁਤ ਜ਼ਿਆਦਾ ਜ਼ਰੂਰਤ ਹੈ। ਇਸ ਤੋਂ ਇਲਾਵਾ ਸਾਉਣੀ ਦੀਆਂ ਹੋਰ ਫਸਲਾਂ ਦੇ ਨਾਲ-ਨਾਲ ਸਬਜ਼ੀਆਂ ਆਦਿ ਨੂੰ ਵੀ ਪਾਣੀ ਦੀ ਜ਼ਰੂਰਤ ਹੈ ਅਤੇ ਪਾਣੀ ਨਾ ਹੋਣ ਕਰਕੇ ਕਿਸਾਨਾਂ ਨੂੰ ਪ੍ਰੇਸ਼ਾਨੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਉਨ੍ਹਾਂ ਦੱਸਿਆ ਕਿ ਬਠਿੰਡਾ ਰੋਡ ਸਥਿਤ ਬਿਜਲੀ ਬੋਰਡ 'ਤੇ ਗਰਿੱਡ ਵਿਖੇ ਨਾ ਐਕਸੀਅਨ ਮਿਲਦਾ ਹੈ ਨਾ ਕਿਸੇ ਦਾ ਫੋਨ ਚੁੱਕਦਾ ਹੈ ਅਤੇ ਉਨ੍ਹਾਂ ਵਲੋਂ ਵਾਰ ਵਾਰ ਫੋਨ ਕਰਨ 'ਤੇ ਫੋਨ ਨਹੀਂ ਚੁੱਕਿਆ। ਇਸ ਸੰਬੰਧੀ ਜੇ ਈ ਸੁਰਿੰਦਰ ਕੁਮਾਰ ਨੇ ਕਿਸਾਨਾਂ ਨੂੰ ਵਿਸ਼ਵਾਸ ਦਿਵਾਇਆ ਕਿ ਇੱਕ ਦੋ ਦਿਨਾਂ ਵਿਚ ਸਪਲਾਈ ਠੀਕ ਹੈ ਜਾਵੇਗੀ ਅਤੇ ਪਿਛਲੀ ਕਟੌਤੀ ਵੀ ਪੂਰੀ ਕੀਤੀ ਜਾਵੇਗੀ।

# ਬਾਕਸਿੰਗ ਮੁਕਾਬਲਿਆਂ 'ਚ ਰੌਬਿਨ ਸਕੂਲ ਦੇ ਖਿਡਾਰੀਆਂ ਨੇ 11 ਮੈਡਲ ਜਿੱਤੇ

**ਧੂਰੀ ( ਸੁਖਦੇਵ ਧੂਰੀ )**- ਪੰਜਾਬ ਸਕੂਲ ਖੇਡਾਂ ਦੇ ਜ਼ਿਲ੍ਹਾ ਪੱਧਰੀ ਮੁਕਾਬਲੇ ਸਰਕਾਰੀ ਸੀਨੀ. ਸੈਕੰ. ਸਕੂਲ ਛਾਜਲੀ (ਸੁਨਾਮ) ਵਿਖੇ ਕਰਵਾਏ ਗਏ ਜਿਨ੍ਹਾਂ ਵਿੱਚ ਧੂਰੀ ਦੇ ਰੌਬਿਨ ਮਾਡਲ ਸਕੂਲ ਦੇ ਵਿਦਿਆਰਥੀਆਂ ਨੇ ਭਸੋੜ ਜ਼ੋਨ ਵੱਲੋਂ ਭਾਗ ਲਿਆ। ਸਕੂਲ ਦੀ ਪ੍ਰਿੰਸੀਪਲ ਮਧੂ ਸ਼ਰਮਾ ਨੇ ਦੱਸਿਆ ਕਿ ਪੰਜਾਬ ਸਕੂਲ ਖੇਡਾਂ ਦੇ ਜ਼ਿਲ੍ਹਾ ਪੱਧਰੀ ਮੁਕਾਬਲਿਆਂ ਵਿੱਚ ਸਕੂਲ ਦੀ ਬਾਕਸਿੰਗ ਟੀਮ ਨੇ ਸ਼ਾਨਦਾਰ ਪ੍ਰਦਰਸ਼ਨ ਕਰ ਵੱਖ-ਵੱਖ ਪੁਜ਼ੀਸ਼ਨਾਂ ਹਾਸਲ ਕੀਤੀਆਂ ਅਤੇ ਕੁੱਲ 11 ਮੈਡਲ ਜਿੱਤੇ। ਅੰਡਰ-19 ਕੁੜੀਆਂ ਦੇ ਵਰਗ 'ਚ ਜਸਪ੍ਰੀਤ ਕੌਰ ਨੇ ਸੋਨੇ ਦਾ ਅਤੇ ਦੀਆ ਸ਼ਰਮਾ ਨੇ ਕਾਂਸੀ ਦਾ ਤਗਮਾ ਜਿੱਤਿਆ। ਅੰਡਰ-17 'ਚ ਇੰਦਰਪ੍ਰੀਤ ਕੌਰ ਨੇ ਸੋਨੇ ਦਾ, ਰਣਧੀਰ ਕੌਰ ਅਤੇ ਏਕਮਪ੍ਰੀਤ ਕੌਰ ਨੇ ਕਾਂਸੀ ਦਾ ਤਗਮਾ ਹਾਸਲ ਕੀਤਾ। ਅੰਡਰ-14 ਮੁੰਡਿਆਂ ਦੇ ਵਰਗ 'ਚ ਅਮਨਦੀਪ ਸਿੰਘ ਨੇ ਸੋਨੇ ਦਾ ਅਤੇ ਅਰਸ਼ ਵਰਮਾ ਨੇ ਕਾਂਸੀ ਦਾ ਤਗਮਾ ਜਿੱਤਿਆ। ਅੰਡਰ-17 'ਚ ਰਾਜਵੀਰ ਸਿੰਘ ਅਤੇ ਪਰਮਿੰਦਰ ਸਿੰਘ ਨੇ ਕਾਂਸੀ ਦਾ ਤਗਮਾ ਹਾਸਲ ਕੀਤਾ। ਅੰਡਰ-19 ਵਰਗ 'ਚ ਅੰਸ਼ ਕੁਮਾਰ ਅਤੇ ਦੀਪਾਂਸ਼ੂ ਨੇ ਕਾਂਸੀ ਦਾ ਤਗਮਾ ਜਿੱਤਿਆ। ਇਨ੍ਹਾਂ ਵਿੱਚੋਂ ਤਿੰਨ ਵਿਦਿਆਰਥੀ ਅੱਗੇ ਸੰਗਰੂਰ ਜ਼ਿਲ੍ਹੇ ਵੱਲੋਂ ਸਟੇਟ ਪੱਧਰ ਦੇ ਮੁਕਾਬਲਿਆਂ 'ਚ ਭਾਗ ਲੈਣਗੇ। ਸਕੂਲ ਪਹੁੰਚਣ 'ਤੇ ਜੇਤੂ ਵਿਦਿਆਰਥੀਆਂ ਦਾ ਸਕੂਲ ਮੈਨੇਜਮੈਂਟ ਵੱਲੋਂ ਸਨਮਾਨ ਕੀਤਾ ਗਿਆ। ਪ੍ਰਿੰਸੀਪਲ ਨੇ ਵਿਦਿਆਰਥੀਆਂ ਅਤੇ ਕੋਚ ਸਨੀ ਨੂੰ ਇਸ ਸਫਲਤਾ ਲਈ ਵਧਾਈ ਦਿੱਤੀ ਅਤੇ ਸਟੇਟ ਪੱਧਰੀ ਮੁਕਾਬਲਿਆਂ 'ਚ ਵੀ ਚੰਗੇ ਪ੍ਰਦਰਸ਼ਨ ਦੀ ਕਾਮਨਾ ਕੀਤੀ।

# ਕ੍ਰਿਸ਼ਨ ਜਨਮ ਅਸ਼ਟਮੀ 'ਤੇ ਪ੍ਰਭਾਤ ਫੇਰੀ ਦੌਰਾਨ ਸੁਨੀਲ ਗਰਗ ਨੂੰ ਕੀਤਾ ਸਨਮਾਨਤ

**ਬਾਘਾ ਪੁਰਾਣਾ (ਮਨੀ ਸਿਗਲਾ)**

ਸ਼੍ਰੀ ਸ਼ਿਵ ਮੰਦਰ ਪ੍ਰਬੰਧਕ ਕਮੇਟੀ ਵੱਲੋਂ ਸ਼ਹਿਰ ਵਾਸੀਆਂ ਦੇ ਸਹਿਯੋਗ ਦੇ ਨਾਲ 7 ਸਤੰਬਰ ਨੂੰ ਸ਼੍ਰੀ ਕ੍ਰਿਸ਼ਨ ਜਨਮ ਅਸ਼ਟਮੀ ਦਾ ਤਿਉਹਾਰ ਬੜੀ ਸ਼ਰਧਾ ਤੇ ਧੂਮ-ਧਾਮ ਦੇ ਨਾਲ ਮਨਾਇਆ ਜਾ ਰਿਹਾ ਹੈ। ਪ੍ਰਭਾਤ ਫੇਰੀ ਬਲਵਿੰਦਰ ਗਰਗ, ਕ੍ਰਿਸ਼ਨ ਗਰਗ, ਰਨਦੀਪ ਗਰਗ, ਟੋਨੀ ਗਰਗ, ਦੇ ਗ੍ਰਹਿ ਵਿਖੇ ਕੀਰਤਨ ਕੀਤਾ ਗਿਆ। ਸ਼੍ਰੀ ਸ਼ਿਵ ਮੰਦਰ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਬਲਵਿੰਦਰ ਗਰਗ, ਕਿਸ਼ਨ ਗਰਗ, ਅਸ਼ਵਨੀ ਸ਼ਰਮਾ, ਰੌਸ਼ਨ ਲਾਲ ਰੋਸੀ, ਸੰਦੀਪ ਗੋਇਲ ਠੰਡੂ ਨੇ ਦੱਸਿਆ ਕਿ ਸ਼੍ਰੀ ਕ੍ਰਿਸ਼ਨ ਜਨਮ ਨੂੰ ਲੈ ਕੇ ਤਿਆਰੀਆਂ ਜ਼ੋਰਾਂ 'ਤੇ ਸ਼ੁਰੂ ਕੀਤੀਆਂ ਹੋਈਆਂ ਹਨ। ਉਨ੍ਹਾਂ ਕਿਹਾ ਕਿ ਜਨਮ ਅਸ਼ਟਮੀ ਨੂੰ ਲੈ ਕੇ 5 ਸਤੰਬਰ ਨੂੰ ਸਹਿਰ ਅੰਦਰ ਇੱਕ ਵਿਸ਼ਾਲ ਰੱਥ ਯਾਤਰਾ ਕੱਢੀ ਜਾ ਰਹੀ ਹੈ, ਜੋ ਦੇਖਣਯੋਗ ਹੋਵੇਗੀ। ਪ੍ਰਬੰਧਕ ਕਮੇਟੀ ਨੇ ਕਿਹਾ ਕਿ ਸਹਿਰ ਵਾਸੀਆਂ ਵੱਲੋਂ ਵਿਸ਼ਾਲ ਰਥ ਯਾਤਰਾ ਦਾ ਫੁੱਲਾਂ ਦੀ ਵਰਖਾ ਕਰਨਗੇ ਅਤੇ ਸ਼ਹਿਰ ਦੇ ਦੁਕਾਨਦਾਰਾਂ ਵੱਲੋਂ ਤਰ੍ਹਾਂ-ਤਰ੍ਹਾਂ ਦੇ ਲੰਗਰ ਵੀ ਲਾਏ ਜਾਣਗੇ।

ਉਨ੍ਹਾਂ ਕਿਹਾ ਕਿ ਜਨਮ ਅਸ਼ਟਮੀ ਨੂੰ ਲੈ ਕੇ ਹਰ ਸਵੇਰ ਗਲੀਆਂ ਮੁਹੱਲਿਆਂ ਅਤੇ ਸੜਕਾਂ ਤੇ ਪ੍ਰਭਾਤ ਫੇਰੀ ਕੱਢੀ ਜਾ ਰਹੀ ਹੈ, ਜਿਸ ਦਾ ਲੋਕਾਂ ਵੱਲੋਂ ਜ਼ੋਰਦਾਰ ਸਵਾਗਤ ਕੀਤਾ ਜਾ ਰਿਹਾ ਹੈ। ਕੀਰਤਨ ਸੁਨੀਲ ਗਰਗ ਸ਼ੰਮੀ ਦੇ ਗ੍ਰਹਿ ਵਿਖੇ ਕੀਤਾ, ਜਿਸ ਵਿੱਚ ਰੋਸ਼ਨ ਲਾਲ ਰੋਸ਼ੀ, ਅਸ਼ਵਨੀ ਸ਼ਰਮਾ, ਦੀਪੂ ਗੋਇਲ ਨੇ ਭਗਵਾਨ ਸ੍ਰੀ ਕ੍ਰਿਸ਼ਨ ਜੀ ਦੇ ਭਜਨਾਂ ਨਾਲ ਖ਼ੂਬ ਰੰਗ ਬੰਨ੍ਹਿਆ।

ਉਨ੍ਹਾਂ ਕਿਹਾ ਕਿ ਮੰਦਰ ਦੀ ਖੂਬ ਰੰਗ ਬਿਰੰਗੀਆਂ ਲਾਈਟਾਂ, ਫੁੱਲ ਅਤੇ ਰੰਗ-ਬਿਰੰਗੇ ਗੁਬਾਰਿਆਂ ਦੇ ਨਾਲ ਸਜਾਵਟ ਕੀਤੀ ਜਾਵੇਗੀ, ਜੋ ਦੇਖਣ ਯੋਗ ਹੋਵੇਗੀ।

# ਪ੍ਰੋ: ਸੰਜੇ ਦਿਵੇਦੀ ਨੂੰ ਸਾਹਿਤ ਪੁਰਸਕਾਰ ਨਾਲ ਸਨਮਾਨਤ ਕੀਤਾ ਜਾਵੇਗਾ

**ਜੈਤੋ (ਸਤੀਸ਼ ਕੁਮਾਰ ਭੋਰੀ)** - ਇੰਡੀਅਨ ਇੰਸਟੀਚਿਊਟ ਆਫ ਮਾਸ ਕਮਿਊਨੀਕੇਸ਼ਨ (ਆਈ ਆਈ ਐਮ ਸੀ) ਦੇ ਸਾਬਕਾ ਡਾਇਰੈਕਟਰ ਜਨਰਲ ਪ੍ਰੋ.ਸੰਜੇ ਦਿਵੇਦੀ ਨੂੰ ਵਿਸ਼ਨੂੰ ਪ੍ਰਸਾਦ ਚਤੁਰਵੇਦੀ ਸਮ੍ਰਿਤੀ ਸਾਹਿਤ ਪੁਰਸਕਾਰ ਨਾਲ ਸਨਮਾਨਤ ਕੀਤਾ ਜਾਵੇਗਾ। 10 ਸਤੰਬਰ ਨੂੰ ਪਾਲੀ (ਰਾਜਸਥਾਨ) ਵਿਖੇ ਸਾਹਿਤ ਸੇਵਾ ਸੰਸਥਾ ਵੱਲੋਂ ਕਲਪਵ੍ਰਿਕਸ ਦਾ ਆਯੋਜਨ ਕੀਤਾ ਗਿਆ ਹੈ। ਇਹ ਸਨਮਾਨ ਇਸ ਸਾਲ ਬਾਲ ਸਾਹਿਤਕਾਰ, ਵਿਗਿਆਨ ਬਾਲ ਕਹਾਣੀਕਾਰ, ਕਹਾਣੀਕਾਰ ਅਤੇ ਸਿੱਖਿਆ ਸ਼ਾਸਤਰੀ ਵਿਸ਼ਨੂੰ ਪ੍ਰਸਾਦ ਚਤੁਰਵੇਦੀ ਦੀ ਯਾਦ ਵਿੱਚ ਸ਼ੁਰੂ ਕੀਤਾ ਗਿਆ ਹੈ। ਇਸ ਮੌਕੇ ਪ੍ਰੋ. ਸੰਜੇ ਦਿਵੇਦੀ ਭਾਸ਼ਣਾਂ ਦੀ ਲੜੀ ਨੂੰ ਵੀ ਸੰਬੋਧਨ ਕਰਨਗੇ। ਸੰਸਥਾ ਦੇ ਪ੍ਰਧਾਨ ਪਵਨ ਪਾਂਡੇ ਨੇ ਦੱਸਿਆ ਕਿ ਪ੍ਰੋ. ਸੰਜੇ ਦਿਵੇਦੀ ਨੂੰ ਮਾਨਵੀ ਕਦਰਾਂ-ਕੀਮਤਾਂ ਦੀ ਸਥਾਪਨਾ, ਸਾਹਿਤਕ ਲੇਖਣੀ, ਪੱਤਰਕਾਰੀ ਅਤੇ ਵਿਦਿਅਕ ਉੱਨਤੀ ਵਿੱਚ ਪਾਏ ਵਿਸ਼ੇਸ਼ ਯੋਗਦਾਨ ਲਈ ਸਨਮਾਨਿਤ ਕੀਤਾ ਜਾ ਰਿਹਾ ਹੈ। ਮੱਖਣ ਲਾਲ ਚਤੁਰਵੇਦੀ ਨੈਸ਼ਨਲ ਯੂਨੀਵਰਸਿਟੀ ਆਫ ਜਰਨਲਿਜ਼ਮ ਐਂਡ ਕਮਿਊਨੀਕੇਸ਼ਨ, ਭੋਪਾਲ ਦੇ ਵਾਈਸ ਚਾਂਸਲਰ ਅਤੇ ਰਜਿਸਟਰਾਰ ਹੋਣ ਤੋਂ ਇਲਾਵਾ ਪ੍ਰੋ. ਦਿਵੇਦੀ ਕਈ ਅਖਬਾਰਾਂ ਦੇ ਸੰਪਾਦਕ ਰਹਿ ਚੁੱਕੇ ਹਨ। ਉਨ੍ਹਾਂ ਨੇ 32 ਕਿਤਾਬਾਂ ਲਿਖੀਆਂ ਅਤੇ ਸੰਪਾਦਿਤ ਕੀਤੀਆਂ ਹਨ। ਦਿਵੇਦੀ ਤਿਮਾਹੀ ਮੈਗਜ਼ੀਨ ਮੀਡੀਆ ਵਿਮਰਸ ਦੇ ਆਨਰੇਰੀ ਸਲਾਹਕਾਰ ਸੰਪਾਦਕ ਵੀ ਹਨ।

## ਕਾਤਰਾਂ

### ਕਰੰਟ ਲੱਗਣ ਕਾਰਨ ਕਿਸਾਨ ਦੀ ਮੌਤ

**ਬਰੇਟਾ (ਗੀਤਵਾਲ)** ਪਿੰਡ ਕਾਹਨਗੜ੍ਹ ਵਿਖੇ ਖੇਤ ਵਿੱਚ ਮੋਟਰ ਚਲਾਉਣ ਗਏ ਕਿਸਾਨ ਦੀ ਕਰੰਟ ਲੱਗਣ ਕਾਰਨ ਮੌਤ ਹੋ ਗਈ। ਜਾਣਕਾਰੀ ਅਨੁਸਾਰ ਪਿੰਡ ਦੇ ਸਰਪੰਚ ਸਤਪਾਲ ਸਿੰਘ ਨੇ ਦੱਸਿਆ ਕਿ ਪਿੰਡ ਦਾ ਕਿਸਾਨ ਜਗਰੂਪ ਸਿੰਘ (50) ਪੁੱਤਰ ਰਾਮ ਕ੍ਰਿਸ਼ਨ ਮੋਟਰ ਚਲਾਉਣ ਲਈ ਖੇਤ ਗਿਆ ਸੀ। ਮੋਟਰ ਨਾ ਚੱਲਣ ਤੇ ਉਸ ਨੇ ਟਰਾਂਸਫਾਰਮਰ ਦੀ ਸਵਿੱਚ ਕੱਟਣੀ ਚਾਹੀ, ਪਰ ਨੇੜੇ ਹੀ ਮੋਟਰ ਸਪਲਾਈ ਵਾਲੀਆਂ ਤਾਰਾਂ 'ਚ ਦਰੱਖਤ ਦੀਆਂ ਟਾਹਣੀਆਂ ਫਸੀਆ ਹੋਣ ਕਾਰਨ ਸਵਿੱਚ ਨਹੀਂ ਕੱਟੀ ਗਈ ਅਤੇ ਸਵਿੱਚ 'ਚ ਕਰੰਟ ਆ ਗਿਆ। ਜਿਸ ਕਾਰਨ ਬਿਜਲੀ ਝਟਕਾ ਲੱਗਣ ਕਾਰਨ ਜਗਰੂਪ ਸਿੰਘ ਦੀ ਮੌਤ ਹੋ ਗਈ। ਉਨ੍ਹਾਂ ਕਿਹਾ ਕਿ ਬਿਜਲੀ ਬੋਰਡ ਦੀ ਅਣਗਹਿਲੀ ਕਾਰਨ ਇਹ ਹਾਦਸਾ ਵਾਪਰਿਆ ਹੈ। ਉਪਰੋਕਤ ਕਿਸਾਨ ਅੱਧਾ ਏਕੜ ਜ਼ਮੀਨ ਦਾ ਮਾਲਕ ਹੈ ਜੋ ਆਪਣੇ ਪਰਵਾਰ ਦਾ ਪਾਲਣ ਪੋਸ਼ਣ ਕਰਦਾ ਸੀ। ਉਨ੍ਹਾਂ ਸਰਕਾਰ ਤੋਂ ਮੰਗ ਕੀਤੀ ਕਿ ਪੀੜਤ ਪਰਵਾਰ ਨੂੰ ਮੁਆਵਜ਼ਾ ਦਿੱਤਾ ਜਾਵੇ।

### ਕੌਮੀ ਲੋਕ ਅਦਾਲਤ 9 ਨੂੰ

**ਫਤਹਿਗੜ੍ਹ ਸਾਹਿਬ, (ਪ੍ਰਮੋਦ ਭਾਰਦਵਾਜ)** -ਜ਼ਿਲ੍ਹਾ ਅਤੇ ਸੈਸ਼ਨਜ਼ ਜੱਜ ਸਹਿਤ ਚੇਅਰਮੈਨ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਫਤਿਹਗੜ੍ਹ ਸਾਹਿਬ ਅਰੁਣ ਗੁਪਤਾ ਨੇ ਦੱਸਿਆ ਕਿ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਵਲੋਂ ਕੌਮੀ ਕਾਨੂੰਨੀ ਸੇਵਾਵਾਂ ਅਥਾਰਟੀ ਅਤੇ ਪੰਜਾਬ ਰਾਜ ਕਾਨੂੰਨੀ ਸੇਵਾਵਾਂ ਅਥਾਰਟੀ ਦੇ ਨਿਰਦੇਸ਼ਾਂ ਤਹਿਤ 9 ਸਤੰਬਰ ਨੂੰ ਜ਼ਿਲ੍ਹਾ ਫਤਿਹਗੜ੍ਹ ਸਾਹਿਬ ਦੀਆਂ ਅਦਾਲਤਾਂ ਅਤੇ ਸਬ-ਡਵੀਜ਼ਨ ਪੱਧਰ ਦੀਆਂ ਅਦਾਲਤਾਂ ਵਿੱਚ ਕੌਮੀ ਲੋਕ ਅਦਾਲਤ ਦਾ ਆਯੋਜਨ ਕੀਤਾ ਜਾ ਰਿਹਾ ਹੈ ਜਿਸ ਵਿੱਚ ਸਾਰੇ ਪ੍ਰਕਾਰ ਦੇ ਰਾਜ਼ੀਨਾਮੇ ਯੋਗ ਕੇਸ ਸਮਝੌਤੇ ਲਈ ਵਿਚਾਰੇ ਜਾਣਗੇ ਅਤੇ ਦੋਵੇਂ ਪਾਰਟੀਆਂ ਦੇ ਆਪਸੀ ਸਹਿਮਤੀ ਨਾਲ ਕੇਸ ਸੁਲਝਾਉਣ ਦੀ ਕੋਸ਼ਿਸ਼ ਕੀਤੀ ਜਾਵੇਗੀ। ਅਰੁਣ ਗੁਪਤਾ ਨੇ ਦੱਸਿਆ ਕਿ ਇਸ ਕੌਮੀ ਲੋਕ ਅਦਾਲਤ ਨੂੰ ਵੱਧ ਤੋਂ ਵੱਧ ਸਫਲ ਬਣਾਉਣ ਲਈ ਜਿਲ੍ਹਾ ਪੱਧਰ ਤੇ ਨਿਆਂਇਕ ਅਧਿਕਾਰੀਆਂ, ਬੈਂਕ ਅਧਿਕਾਰੀਆਂ, ਬੀਮਾ ਅਧਿਕਾਰੀਆਂ, ਵਾਟਰ ਸਪਲਾਈ, ਪੀ.ਐਸ.ਪੀ.ਸੀ.ਐੱਲ ਅਤੇ ਬੀ.ਐਸ.ਐਨ.ਐਲ. ਦੇ ਅਧਿਕਾਰੀਆਂ ਨਾਲ ਮੀਟਿੰਗਾਂ ਕੀਤੀਆਂ ਗਈਆਂ ਤਾਂ ਜੋ ਵੱਧ ਤੋਂ ਵੱਧ ਕੇਸਾਂ ਦਾ ਲੋਕ ਅਦਾਲਤ ਰਾਹੀਂ ਨਿਪਟਾਰਾ ਕਰਕੇ ਆਮ ਪਬਲਿਕ ਨੂੰ ਫਾਇਦਾ ਪਹੁੰਚਾਇਆ ਜਾ ਸਕੇ।

### ਵਿਦਿਆਰਥੀ ਨਸ਼ੇ ਵਰਗੀਆਂ ਕੁਰੀਤੀਆਂ ਨੂੰ ਖਤਮ ਕਰਨ 'ਚ ਸਹਿਯੋਗ ਦੇਣ : ਇੰਸਪੈਕਟਰ ਰਨਦੀਪ ਸ਼ਰਮਾ

**ਅਮਲੋਹ, (ਲਖਵੀਰ ਸਿੰਘ, ਹਰਚਰਨ ਉਪਲ)**- ਸਰਕਾਰੀ ਕੰਨਿਆ ਸੀਨੀਅਰ ਸੈਕੰਡਰੀ ਸਕੂਲ ਅਮਲੋਹ ਵਿਖੇ ਥਾਣਾ ਅਮਲੋਹ ਦੇ ਮੁਖੀ ਰਨਦੀਪ ਕੁਮਾਰ ਸ਼ਰਮਾ ਨੇ ਵਿਦਿਆਰਥੀਆਂ ਨੂੰ ਨਸ਼ਿਆਂ ਸੰਬੰਧੀ ਜਾਗਰੂਕ ਕਰਦੇ ਹੋਏ ਵਿਦਿਆਰਥੀਆਂ ਤੋਂ ਇਹ ਵੀ ਪ੍ਰਣ ਲਿਆ ਕਿ ਵਿਦਿਆਰਥੀ ਸਾਡੇ ਸਮਾਜ ਵਿੱਚ ਵਧ ਰਹੀਆਂ ਨਸ਼ੇ ਵਰਗੀਆਂ ਕੁਰੀਤੀਆਂ ਨੂੰ ਖਤਮ ਕਰਨ ਵਿੱਚ ਹਮੇਸ਼ਾ ਸਾਥ ਦੇਣਗੇ ਅਤੇ ਆਪ ਹਮੇਸ਼ਾ ਅਜਿਹੀਆਂ ਬੁਰੀਆਂ ਆਦਤਾਂ ਤੋਂ ਦੂਰ ਰਹਿਣਗੇ। ਇਸ ਮੌਕੇ ਪ੍ਰਿੰਸੀਪਲ ਨਰਿੰਦਰਜੀਤ ਕੌਰ ਨੇ ਥਾਣਾ ਮੁਖੀ ਸ਼ਰਮਾ ਨੂੰ ਜੀ ਆਇਆਂ ਆਖਿਆ ਅਤੇ ਧੰਨਵਾਦ ਕੀਤਾ। ਇਸ ਮੌਕੇ ਲੈਕਚਰਾਰ ਦੀਪਕ ਕੁਮਾਰ, ਲੈਕਚਰਾਰ ਬਲਜੀਤ ਸਿੰਘ, ਅਮਨਦੀਪ ਕੌਰ, ਮੀਡੀਆ ਇੰਚਾਰਜ ਕੁਲਵੀਰ ਕੌਰ ਅਤੇ ਵਿਦਿਆਰਥਣਾਂ ਮੌਜੂਦ ਸਨ।

### 42ਵੇਂ ਕਬੱਡੀ ਕੱਪ ਚੀਮਾ ਮੰਡੀ ਦਾ ਕੀਤਾ ਪੋਸਟਰ ਰਿਲੀਜ਼

**ਚੀਮਾ ਮੰਡੀ (ਰਵਿੰਦਰ ਚੀਮਾ)**- ਇਲਾਕੇ ਦੇ ਸਭ ਤੋਂ ਵੱਡੇ ਬਾਬਾ ਭੋਲਾ ਵਿਰਕ ਸਪੋਰਟਸ ਕਲੱਬ ਵਲੋਂ 42ਵਾਂ ਕਬੱਡੀ ਟੂਰਨਾਮੈਂਟ ਕਰਵਾਇਆ ਜਾ ਰਿਹਾ ਹੈ। ਜਿਸ ਦਾ ਪੋਸਟਰ ਡਾਕਟਰ ਰਵਿੰਦਰ ਬਾਂਸਲ ਚੇਅਰਮੈਨ ਮਾਡਰਨ ਕਾਲਜ ਬੀਰਕਲਾਂ ਵੱਲੋਂ ਰਿਲੀਜ਼ ਕੀਤਾ ਗਿਆ। ਇਸ ਮੌਕੇ ਉਨ੍ਹਾਂ ਕਲੱਬ ਦੇ ਨੌਜਵਾਨਾਂ ਨੂੰ ਵਧਾਈ ਦਿੱਤੀ ਜੋ ਕਿ ਇੱਕ ਚੰਗਾ ਕਾਰਜ ਕਰ ਰਹੇ ਹਨ। ਇਸ ਮੌਕੇ ਕਾਕਾ ਸਿੰਘ ਧਾਲੀਵਾਲ ਕਲੱਬ ਪ੍ਰਧਾਨ ਗੁਰਦੀਪ ਸਿੰਘ ਔਲਖ ਅਮਰੀਕ ਸਿੰਘ ਜਗਤਾਰ ਸਿੰਘ ਮਨਦੀਪ ਸਿੰਘ ਸਿੱਧੂ ਆਦਿ ਹਾਜ਼ਰ ਸਨ।

# ਵੱਖ-ਵੱਖ ਸਕੂਲਾਂ 'ਚ ਮਨਾਇਆ ਅਧਿਆਪਕ ਦਿਵਸ

ਸਮਰਾਲਾ

ਸ੍ਰੀ ਮੁਕਤਸਰ ਸਾਹਿਬ

ਮੋਗਾ

ਕੋਟਕਪੂਰਾ

ਅਜੀਤਵਾਲ

**ਸਮਰਾਲਾ, (ਸੁਰਜੀਤ ਸਿੰਘ)**- ਟੈਗੋਰ ਗਲੋਬਲ ਸੀ. ਸੈ. ਸਕੂਲ ਵਿਖੇ ਡਾਇਰੈਕਟਰ ਬਾਲ ਕ੍ਰਿਸ਼ਨ ਅਨੇਜਾ ਅਤੇ ਸਵਾਤੀ ਅਨੇਜਾ ਦੀ ਸਰਪ੍ਰਸਤੀ ਅਧੀਨ ਅਧਿਆਪਕ ਦਿਵਸ ਨੂੰ ਬੜੇ ਹੀ ਧੂਮਧਾਮ ਨਾਲ ਮਨਾਇਆ ਗਿਆ। ਇਸ ਮੌਕੇ ਸਕੂਲ ਵੱਲੋਂ ਇੱਕ ਸਮਾਗਮ ਦਾ ਆਯੋਜਨ ਕੀਤਾ ਗਿਆ ਜਿਸ ਵਿੱਚ ਵਿਦਿਆਰਥੀਆਂ ਵੱਲੋਂ ਭਾਸ਼ਣ, ਨਾਟਕ, ਸਮੂਹਿਕ- ਗੀਤ, ਕਵਿਤਾ-ਉਚਾਰਨ ਅਤੇ ਕੋਰੀਓਗ੍ਰਾਫੀ ਦੀ ਪੇਸ਼ਕਾਰੀ ਕੀਤੀ ਗਈ। ਪ੍ਰਿੰਸੀਪਲ ਮਨੋਜ ਕੁਮਾਰ ਨੇ ਅਧਿਆਪਕ ਦਿਵਸ ਸੰਬੰਧੀ ਆਪਣੇ ਭਾਸ਼ਣ ਵਿੱਚ ਕਿਹਾ ਕਿ ਭਾਰਤ ਦੇ ਪਹਿਲੇ ਉਪ ਰਾਸ਼ਟਰਪਤੀ ਡਾ: ਸਰਵਪੱਲੀ ਰਾਧਾਕ੍ਰਿਸ਼ਨਨ ਦੁਆਰਾ ਸਿੱਖਿਆ ਦੇ ਖੇਤਰ ਵਿੱਚ ਪਾਏ ਯੋਗਦਾਨ ਨੂੰ ਯਾਦ ਕਰਨ ਲਈ ਹਰ ਸਾਲ 5 ਸਤੰਬਰ ਨੂੰ ਅਧਿਆਪਕ ਦਿਵਸ ਮਨਾਇਆ ਜਾਂਦਾ ਹੈ। ਹਰ ਕਿਸੇ ਦੇ ਜੀਵ

7-SEP-PAGE-11.qxd 9/6/2023 8:30 PM Page 1



# 15 ਕਿਲੋ ਹੈਰੋਇਨ ਬਰਾਮਦ; ਇੱਕ ਵਿਅਕਤੀ ਕਾਬੂ

**ਅੰਮ੍ਰਿਤਸਰ, ( ਜਸਬੀਰ ਸਿੰਘ ਪੱਟੀ, ਨਰਿੰਦਰਜੀਤ ਸਿੰਘ)**—ਅੰਮ੍ਰਿਤਸਰ ਦਿਹਾਤੀ ਪੁਲਸ ਨੇ ਇੱਕ ਤਸਕਰ ਨੂੰ ਕਾਬੂ ਕਰਕੇ ਸਰਹੱਦ ਪਾਰੋਂ ਨਸ਼ਾ ਤਸਕਰੀ ਕਰਨ ਵਾਲੇ ਵੱਡੇ ਗਿਰੋਹ ਦਾ ਪਰਦਾਫਾਸ਼ ਕੀਤਾ ਅਤੇ ਉਸ ਕੋਲੋਂ 15 ਕਿਲੋ ਹੈਰੋਇਨ ਬਰਾਮਦ ਕੀਤੀ ਹੈ। ਜਾਣਕਾਰੀ ਦਿੰਦਿਆਂ ਪੰਜਾਬ ਦੇ ਡੀਜੀਪੀ ਗੌਰਵ ਯਾਦਵ ਨੇ ਬੁੱਧਵਾਰ ਨੂੰ ਇੱਥੇ ਦੱਸਿਆ ਕਿ ਗ੍ਰਿਫਤਾਰ ਕੀਤੇ ਗਏ ਨਸ਼ਾ ਤਸਕਰ ਦੀ ਪਛਾਣ ਹਰਪ੍ਰੀਤ ਸਿੰਘ ਵਾਸੀ ਚੋਹਲਾ ਸਾਹਿਬ ਵਜੋਂ ਹੋਈ ਹੈ, ਜੋ ਕਿ ਮੌਜੂਦਾ ਸਮੇਂ ਅੰਮ੍ਰਿਤਸਰ ਦੇ ਨਿਊ ਰਣਜੀਤਪੁਰਾ ਵਿਖੇ ਰਹਿ ਰਿਹਾ ਸੀ। ਹੈਰੋਇਨ ਦੀ ਬਰਾਮਦਗੀ ਤੋਂ ਇਲਾਵਾ ਪੁਲਸ ਟੀਮਾਂ ਨੇ ਇੱਕ ਚਿੱਟੇ ਰੰਗ ਦੀ ਹੁੰਡਈ ਗ੍ਰੈਂਡ ਆਈ-10 ਕਾਰ (ਪੀਬੀ 02 ਈਐਲ 7922) ਵੀ ਜ਼ਬਤ ਕੀਤੀ ਹੈ, ਜੋ ਕਿ ਉਕਤ ਮੁਲਜ਼ਮ ਤਸਕਰੀ ਲਈ ਵਰਤ ਰਿਹਾ ਸੀ। ਡੀਜੀਪੀ ਗੌਰਵ ਯਾਦਵ ਨੇ ਦੱਸਿਆ ਕਿ ਪਿੰਡ ਪੱਧਰੀ ਰੱਖਿਆ ਕਮੇਟੀ (ਵੀਐੱਲਡੀਸੀ) ਤੋਂ ਮਿਲੀ ਸੂਹ ਤਹਿਤ ਅੰਮ੍ਰਿਤਸਰ ਪੁਲਿਸ (ਦਿਹਾਤੀ) ਨੇ ਥਾਣਾ ਕੱਥੂਨੰਗਲ ਦੇ ਖੇਤਰ ਵਿੱਚ ਖੁਫੀਆ ਜਾਣਕਾਰੀ ਦੇ ਅਧਾਰ 'ਤੇ ਕਾਰਵਾਈ ਕੀਤੀ ਅਤੇ ਮੁਲਜ਼ਮ ਹਰਪ੍ਰੀਤ ਸਿੰਘ ਨੂੰ ਉਸਦੀ ਗ੍ਰੈਂਡ ਆਈ-10 ਕਾਰ ਵਿੱਚੋਂ ਹੈਰੋਇਨ ਦੀ ਖੇਪ ਬਰਾਮਦ ਕਰਨ ਉਪਰੰਤ ਗ੍ਰਿਫ਼ਤਾਰ ਕਰ ਲਿਆ। ਉਨ੍ਹਾਂ ਦੱਸਿਆ ਕਿ ਹੈਰੋਇਨ ਇੱਕ ਬੋਰੀ ਵਿੱਚ ਛੁਪਾ ਕੇ ਰੱਖੀ ਹੋਈ ਸੀ। ਮੁਲਜ਼ਮ ਹਰਪ੍ਰੀਤ ਦੇ ਚਾਰ ਸਾਥੀਆਂ ਨੂੰ ਵੀ ਨਾਮਜ਼ਦ ਕੀਤਾ ਹੈ। ਨਾਮਜ਼ਦ ਕੀਤੇ ਗਏ ਵਿਅਕਤੀਆਂ ਦੀ ਪਛਾਣ ਗਗਨਦੀਪ ਸਿੰਘ ਉਰਫ ਗੁੱਗੂ ਉਰਫ ਹੱਡੀ, ਰਾਹੁਲ ਸਿੰਘ ਅਤੇ ਹਰਪ੍ਰੀਤ ਸਿੰਘ ਉਰਫ ਹੈਪੀ ਜੱਟ ਸਾਰੇ ਵਾਸੀ ਜੰਡਿਆਲਾ ਗੁਰੂ ਅਤੇ ਗਗਨਦੀਪ ਸਿੰਘ ਵਾਸੀ ਖਡੂਰ ਸਾਹਿਬ ਵਜੋਂ ਹੋਈ ਹੈ। ਡੀਆਈਜੀ ਬਾਰਡਰ ਰੇਂਜ, ਅੰਮ੍ਰਿਤਸਰ, ਨਰਿੰਦਰ ਭਾਰਗਵ ਨੇ ਦੱਸਿਆ ਕਿ ਮਾਮਲੇ ਦੀ ਮੁੱਢਲੀ ਜਾਂਚ ਤੋਂ ਪਤਾ ਲੱਗਾ ਹੈ ਕਿ ਹੈਰੋਇਨ ਦੀ ਖੇਪ ਨਸ਼ਾ ਤਸਕਰ ਹੈਪੀ ਜੱਟ ਦੀ ਸੀ ਅਤੇ ਗ੍ਰਿਫ਼ਤਾਰ ਕੀਤਾ ਗਿਆ ਮੁਲਜ਼ਮ ਹਰਪ੍ਰੀਤ ਸਿੰਘ ਉਸ ਦੇ ਨਿਰਦੇਸ਼ਾਂ 'ਤੇ ਖੇਪ ਪਹੁੰਚਾਉਣ ਜਾ ਰਿਹਾ ਸੀ। ਦੋਸ਼ੀ ਹੈਪੀ ਜੱਟ ਇਸ ਇਲਾਕੇ ਦਾ ਮੁੱਖ ਸਰਗਣਾ ਅਤੇ ਸਭ ਤੋਂ ਵੱਧ ਲੋੜੀਂਦਾ ਨਸ਼ਾ ਤਸਕਰ ਹੈ। ਜ਼ਿਕਰਯੋਗ ਹੈ ਕਿ ਇਸ ਸਬੰਧੀ ਐੱਨਡੀਪੀਐੱਸ ਐਕਟ ਦੀ ਧਾਰਾ 21ਸੀ ਅਤੇ 25 ਤਹਿਤ ਥਾਣਾ ਕੱਥੂਨੰਗਲ ਅੰਮ੍ਰਿਤਸਰ ਵਿਖੇ ਐੱਫਆਈਆਰ ਨੰ. 101 ਮਿਤੀ 5.9.2023 ਨੂੰ ਕੇਸ ਦਰਜ ਕੀਤਾ ਗਿਆ ਹੈ।

# ਸਰਕਾਰ ਹਰ ਨਾਗਰਿਕ ਨੂੰ ਸਿਹਤ ਤੇ ਸਿੱਖਿਆ ਸਹੂਲਤਾਂ ਦੇਣ ਲਈ ਵਚਨਬੱਧ : ਡਾ. ਰਿਆੜ

**ਕਾਦੀਆਂ (ਯਾਦਵਿੰਦਰ ਸਿੰਘ ਮਲਹੋਤਰਾ)**-ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਡਾ. ਸੰਦੀਪ ਪਾਠਕ ਜਨਰਲ ਸਕੱਤਰ ਆਮ ਆਦਮੀ ਪਾਰਟੀ ਭਾਰਤ ਅਤੇ ਪ੍ਰਭਾਰੀ ਪੰਜਾਬ ਅਤੇ ਅਮਨ ਸ਼ੇਰ ਸਿੰਘ ਸ਼ੈਰੀ ਕਲਸੀ ਵਿਧਾਇਕ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਇੱਕ ਹੰਗਾਮੀ ਮੀਟਿੰਗ ਪਾਰਟੀ ਦੇ ਸੀਨੀਅਰ ਨੇਤਾ ਅਤੇ ਪ੍ਰਧਾਨ ਡਾ. ਕੁਲਵਿੰਦਰ ਸਿੰਘ ਰਿਆੜ ਦੇ ਗ੍ਰਹਿ ਵਿਖੇ ਹੋਈ।

ਸਾਰੇ ਹੀ ਸਰਗਰਮ ਵਰਕਰਾਂ ਅਤੇ ਵਲੰਟੀਅਰ ਨੇ ਵਿਸ਼ੇਸ਼ ਤੌਰ 'ਤੇ ਵਿਚਾਰ ਚਰਚਾ ਕੀਤੀ ਕਿ ਪੰਜਾਬ ਦੇ ਹਰ ਇੱਕ ਨਾਗਰਿਕ ਨੂੰ ਸਿਹਤ ਅਤੇ ਸਿੱਖਿਆ ਦੀਆਂ ਸਹੂਲਤਾਂ ਦੇਣੀਆਂ ਸਰਕਾਰ ਦਾ ਮੁੱਢਲਾ ਫਰਜ਼ ਹੈ। ਮੀਟਿੰਗ ਨੂੰ ਸੰਬੋਧਨ ਕਰਦਿਆਂ ਡਾ. ਰਿਆੜ ਨੇ ਕਿਹਾ ਕਿ ਸਰਕਾਰ ਪੰਜਾਬ ਦੇ ਹਰ ਇੱਕ ਨਾਗਰਿਕ ਨੂੰ ਸਿਹਤ ਅਤੇ ਸਿੱਖਿਆ ਦੀਆਂ ਸਹੂਲਤਾਂ ਦੇਣ ਲਈ ਵਚਨਬੱਧ ਹੈ। ਮੀਟਿੰਗ ਵਿੱਚ ਹੋਰਨਾਂ ਤੋਂ ਇਲਾਵਾ ਕੀਰਤਨ ਸਿੰਘ ਬਾਜਵਾ, ਪ੍ਰਿੰ. ਚਰਨ ਸਿੰਘ, ਲੈਕਚਰਾਰ ਮੁਖਵਿੰਦਰ ਸਿੰਘ ਭਿੰਡਰ, ਇੰਸਪੈਕਟਰ ਸਤਿੰਦਰ ਸਿੰਘ, ਤ੍ਰਿਭਵਣ ਸਿੰਘ ਲੂੰਬਾ, ਮਨਦੀਪ ਸਿੰਘ ਕਲਸੀ ਆਦਿ ਆਪ ਆਗੂ ਹਾਜ਼ਰ ਸਨ।

# ਹਰਮਨਪ੍ਰੀਤ ਕੌਰ ਨੇ ਅੱਖੀਂ ਦੇਖੀ ਅਦਿੱਤਿਆ ਐੱਲ-1 ਦੀ ਲਾਂਚਿੰਗ

**ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ)**-ਚੰਦਰਯਾਨ-3 ਦੀ ਸਫਲ ਲੈਂਡਿੰਗ ਦੇ ਬਾਅਦ ਮਿਤੀ 02-09-2023 ਨੂੰ ਇਸਰੋ ਵੱਲੋਂ ਅਦਿੱਤਿਆ ਐੱਲ-1 ਦੀ ਲਾਂਚਿੰਗ ਸ੍ਰੀਹਰੀਕੋਟਾ ਦੇ ਸਤੀਸ਼ ਧਵਨ ਸਪੇਸ ਸੈਂਟਰ ਤੋਂ ਕੀਤੀ ਗਈ, ਜਿਸ ਵਿੱਚ ਪੰਜਾਬ ਦੇ ਕੁੱਲ 23 ਜ਼ਿਲ੍ਹਿਆਂ ਵਿੱਚ ਖੋਲ੍ਹੇ ਗਏ ਸਕੂਲ ਆਫ ਐਮੀਨੈਂਸ ਦੇ ਕਰੀਬ 18 ਵਿਦਿਆਰਥੀਆਂ ਨੇ ਹਿੱਸਾ ਲਿਆ। ਇਨ੍ਹਾਂ ਵਿਦਿਆਰਥੀਆਂ ਵਿੱਚ ਗੁਰਦਾਸਪੁਰ ਜ਼ਿਲ੍ਹੇ ਦੇ ਸਕੂਲ ਆਫ ਐਮੀਨੈਂਸ ਵਿੱਚੋਂ ਸਕੂਲ ਆਫ ਐਮੀਨੈਂਸ ਗੁਰਦਾਸਪੁਰ ਦੀ ਗਿਆਰਵੀਂ ਜਮਾਤ ਦੀ ਵਿਦਿਆਰਥਣ ਹਰਮਨਪ੍ਰੀਤ ਕੌਰ ਵੀ ਸ਼ਾਮਲ ਸੀ। ਇਸ ਵਿਦਿਆਰਥਣ ਨੂੰ ਜ਼ਿਲ੍ਹਾ ਸਿੱਖਿਆ ਅਫਸਰ ਵਿਨੋਦ ਸ਼ਰਮਾ ਅਤੇ ਪ੍ਰਿੰ. ਰਮੇਸ਼ ਲਾਲ ਦੀ ਯੋਗ ਅਗਵਾਈ ਹੇਠ ਤਿੰਨ ਦਿਨਾਂ ਲਈ ਸ਼੍ਰੀ ਹਰੀਕੋਟਾ(ਆਂਧਰਾ ਪ੍ਰਦੇਸ਼) ਭੇਜਿਆ ਗਿਆ । ਵਿਦਿਆਰਥਣ ਹਰਮਨਪ੍ਰੀਤ ਨੇ ਦੱਸਿਆ ਕਿ ਉਸ ਨੇ ਚੰਦਰਯਾਨ-3 ਦੀ ਲਾਂਚਿੰਗ ਟੀ ਵੀ 'ਤੇ ਦੇਖੀ ਸੀ, ਪ੍ਰੰਤੂ ਉਸ ਨੂੰ ਇਹ ਨਹੀਂ ਸੀ ਪਤਾ ਕਿ ਉਹ ਮਹੀਨੇ ਬਾਅਦ ਅਦਿੱਤਿਆ ਐੱਲ-1 ਦੀ ਲਾਂਚਿੰਗ ਇਸਰੋ ਵਿਖੇ ਆਪਣੀਆਂ ਅੱਖਾਂ ਦੇ ਸਾਹਮਣੇ ਦੇਖੇਗੀ। ਉਸਨੇ ਦੱਸਿਆ ਕਿ ਉਸਦੇ ਲਈ ਇਹ ਇੱਕ ਅਜੂਬਾ ਸੀ। ਉਸਨੇ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਹਵਾਈ ਸਫਰ ਰਾਹੀਂ ਸ੍ਰੀਹਰੀਕੋਟਾ (ਆਂਧਰਾ ਪ੍ਰਦੇਸ਼) ਜਾਣਾ ਅਤੇ ਹੋਟਲ ਵਿੱਚ ਠਹਿਰਣਾ ਅਤੇ ਇਸਰੋ ਵਿਖੇ ਲਾਈਵ ਲਾਂਚਿਗ ਦੇਖਣਾ ਉਸਦੇ ਦੀ ਜ਼ਿੰਦਗੀ ਦਾ ਪਹਿਲਾ ਅਨੋਖਾ ਅਨੁਭਵ ਸੀ। ਇਸ ਖਾਸ ਮੌਕੇ ਲਈ ਉਸਨੇ ਮੱਖ ਮੰਤਰੀ ਪੰਜਾਬ ਭਗਵੰਤ

ਸਿੰਘ ਮਾਨ ਅਤੇ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਦਾ ਧੰਨਵਾਦ ਕੀਤਾ ਹੈ।

ਇਸਰੋ ਵਿਜ਼ਿਟ ਤੋਂ ਪਰਤੀ ਹਰਮਨਪ੍ਰੀਤ ਨੂੰ ਡਿਪਟੀ ਕਮਿਸ਼ਨਰ ਗੁਰਦਾਸਪੁਰ ਡਾ. ਹਿਮਾਂਸ਼ੂ ਅਗਰਵਾਲ ਅਤੇ ਪੰਜਾਬ ਹੈਲਥ ਸਿਸਟਮਜ਼ ਕਾਰਪੋਰੇਸ਼ਨ ਦੇ ਚੇਅਰਮੈਨ ਰਮਨ ਬਹਿਲ ਵੱਲੋਂ ਵਿਸ਼ੇਸ਼ ਤੌਰ 'ਤੇ ਸਨਮਾਨਿਤ ਕੀਤਾ ਗਿਆ। ਡਿਪਟੀ ਕਮਿਸ਼ਨਰ ਨੇ ਕਿਹਾ ਕਿ ਵਿਦਿਆਰਥੀਆਂ ਲਈ ਅਜਿਹੇ ਮੌਕੇ ਉਨ੍ਹਾਂ ਨੂੰ ਜੀਵਨ ਵਿੱਚ ਸਹੀ ਸੇਧ ਦੇਣ ਵਾਸਤੇ ਬਹੁਤ ਸਹਾਈ ਹੁੰਦੇ ਹਨ। ਇਸ ਮੌਕੇ ਉੱਪ ਜ਼ਿਲ੍ਹਾ ਸਿੱਖਿਆ ਅਫਸਰ ਗੁਰਦਾਸਪੁਰ ਲਖਵਿੰਦਰ ਸਿੰਘ, ਨੋਡਲ ਅਫ਼ਸਰ ਅਮਰਜੀਤ ਸਿੰਘ ਪੁਰੇਵਾਲ, ਜਮਾਤ ਇੰਚਾਰਜ ਜਸਬੀਰ ਕੌਰ ਵੀ ਹਾਜ਼ਰ ਸਨ।

## ਕਾਤਰਾਂ

### ਸਕੂਲ ਆਫ਼ ਐਮੀਨੈਂਸ ਵਿਖੇ ਅਧਿਆਪਕ ਦਿਵਸ ਦੀ ਰੌਣਕ

**ਤਰਨ ਤਾਰਨ (ਪ੍ਰਿਤਪਾਲ ਸਿੰਘ)**—ਸਕੂਲ ਆਫ਼ ਐਮੀਨੈਂਸ ਤਰਨ ਤਾਰਨ ਵਿਖੇ ਪ੍ਰਿੰਸੀਪਲ ਰਾਜਿੰਦਰ ਕੌਰ ਦੀ ਅਗਵਾਈ ਹੇਠ ਅਧਿਆਪਕ ਦਿਵਸ ਮਨਾਇਆ ਗਿਆ ਜਿਸ ਵਿੱਚ ਸਕੂਲ ਦੇ ਸਮੂਹ ਸਟਾਫ਼ ਅਤੇ ਵਿਦਿਆਰਥੀਆਂ ਨੇ ਭਾਗ ਲਿਆ। ਇਸ ਮੌਕੇ ਸਕੂਲ ਦੇ ਪ੍ਰਿੰ. ਨੇ ਸਮਾਰੋਹ ਦੀ ਸ਼ੁਰੂਆਤ ਕਰਦਿਆਂ ਅਧਿਆਪਕ ਦਿਵਸ ਬਾਰੇ ਵਿਸਥਾਰ ਸਹਿਤ ਦੱਸਿਆ ਅਤੇ ਕਿਹਾ ਕੇ ਹਰ ਇੱਕ ਵਿਦਿਆਰਥੀ ਦੀ ਜੀਵਨ ਵਿੱਚ ਅਧਿਆਪਕ ਦਾ ਇੱਕ ਵਿਸ਼ੇਸ਼ ਯੋਗਦਾਨ ਹੈ। ਉਪਰੰਤ ਵਿਦਿਆਰਥੀਆਂ ਨੇ ਅਧਿਆਪਕ ਦੇ ਸਤਿਕਾਰ ਵਜੋਂ ਵਿਚਾਰ ਸਾਂਝੇ ਕਰਦੇ ਹੋਏ ਦੱਸਿਆ ਕੇ ਉਨ੍ਹਾਂ ਦੀਆ ਮੈਰਿਟ ਪੁਜ਼ੀਸ਼ਨਾਂ ਗੁਰੂਆਂ ਸਦਕਾ ਹੀ ਆਈਆਂ ਹਨ। ਇਸ ਮੌਕੇ ਅਧਿਆਪਕ ਰਾਜਿੰਦਰ ਸ਼ਰਮਾ, ਬਰਿੰਦਰ ਸਿੰਘ ਲਹਿਰੀ, ਰਿਪੂਦਮਨ ਸ਼ਰਮਾ, ਨਿਰਮਲ ਸਿੰਘ, ਰਜਤ ਸ਼ਰਮਾ ਅਤੇ ਸਮੂਹ ਅਧਿਆਪਕਾਂ ਨੇ ਅਧਿਆਪਕ ਦਿਵਸ 'ਤੇ ਆਪਣੇ ਆਪਣੇ ਵਿਚਾਰ ਸਾਂਝੇ ਕੀਤੇ ਅਤੇ ਕਿਹਾ ਕਿ ਅਧਿਆਪਕ ਤੋਂ ਬਿਨਾਂ ਜ਼ਿੰਦਗੀ ਅਧੂਰੀ ਹੈ। ਗੁਰੂ ਤੋਂ ਬਿਨਾਂ ਜ਼ਿੰਦਗੀ ਦੇ ਹਰੇਕ ਪੜਾਅ ਨੂੰ ਪੂਰਾ ਕਰਨਾ ਬਹੁਤ ਹੀ ਔਖਾ ਹੈ। ਅੰਤ ਵਿੱਚ ਵਿਦਿਆਰਥੀਆਂ ਨੇ ਪ੍ਰਿੰ. ਨੂੰ ਗਿਫਟ ਦੇ ਕੇ ਸਤਿਕਾਰ ਕੀਤਾ।

### ਬੁਤਾਲਾ ਪੁਲਸ ਚੌਕੀ ਵੱਲੋਂ ਭਗੌੜਾ ਕਾਬੂ

**ਬੁਤਾਲਾ (ਨਿਰਮਲ ਸਿੰਘ ਸੰਘਾ)**-ਬੁਤਾਲਾ ਪੁਲਸ ਚੌਕੀ ਦੇ ਕਰਮਚਾਰੀਆਂ ਵੱਲੋਂ ਇੱਕ ਭਗੌੜਾ ਕਾਬੂ ਕੀਤਾ ਗਿਆ ਜਿਸ ਦਾ ਨਾਮ ਹਰਪ੍ਰੀਤ ਸਿੰਘ ਹੈਪੀ ਉਰਫ ਬਟੂਆ ਸਪੁੱਤਰ ਜਸਵਿੰਦਰ ਸਿੰਘ ਵਾਸੀ ਪੱਤੀ ਪੱਲ੍ਹਾ ਬੁਤਾਲਾ ਹੈ ਜੋ ਕਿ ਮੁੱਕਦਮਾ ਨੰਬਰ 196 ਮਿਤੀ 30-09-2017 ਜੁਰਮ 307,379 ਬੀ 34 ਆਈਪੀਸੀ 25-54-59 ਅਸਲਾ ਐਕਟ ਥਾਣਾ ਬਿਆਸ ਵਿੱਚ ਮਾਨਯੋਗ ਅਦਾਲਤ ਵਿੱਚ ਗੈਰ-ਹਾਜ਼ਰ ਹੋ ਗਿਆ ਸੀ ਜਿਸ ਨੂੰ ਮਿਤੀ 18-08-2023 ਨੂੰ ਮਾਨਯੋਗ ਅਦਾਲਤ ਰਕੇਸ਼ ਕੁਮਾਰ ਐਡੀਸ਼ਨਲ ਸੈਸ਼ਨ ਜੱਜ ਅੰਮ੍ਰਿਤਸਰ ਵੱਲੋਂ ਪੀਓ ਕਰਾਰ ਕੀਤਾ ਗਿਆ ਸੀ, ਨੂੰ ਕਾਬੂ ਕਰਕੇ ਮਾਨਯੋਗ ਅਦਾਲਤ ਬਾਬਾ ਬਕਾਲਾ ਸਾਹਿਬ ਪੇਸ਼ ਕੀਤਾ ਗਿਆ।

### ਮਹਿਲ ਜੰਡਿਆਲਾ ਸਕੂਲ ਵਿਖੇ ਕੇਕ ਕੱਟ ਕੇ ਮਨਾਇਆ ਅਧਿਆਪਕ ਦਿਵਸ

**ਫਤਿਹਗੜ੍ਹ ਚੂੜੀਆਂ (ਪ੍ਰੀਤਮ ਸਿੰਘ)**-ਬੀਤੇ ਦਿਨੀ ਸ੍ਰੀ ਗੁਰੂ ਹਰਕ੍ਰਿਸ਼ਨ ਪਬਲਿਕ ਸਕੂਲ ਮਹਿਲ ਜੰਡਿਆਲਾ ਨੇੜੇ ਚੇਤਨਪੁਰਾ (ਅੰਮ੍ਰਿਤਸਰ) ਵਿਖੇ ਮੈਂਬਰ ਇੰਚਾਰਜ ਮਨਮੋਹਨ ਸਿੰਘ ਅਤੇ ਜੋਗਿੰਦਰ ਸਿੰਘ ਦੇ ਦਿਸ਼ਾ ਨਿਰਦੇਸ਼ਾਂ ਹੇਠ ਅਧਿਆਪਕ ਦਿਵਸ ਮਨਾਇਆ ਗਿਆ ਜਿਸ ਵਿੱਚ ਸਮੂਹ ਸਟਾਫ਼ ਅਤੇ ਵਿਦਿਆਰਥੀਆਂ ਵੱਲੋਂ ਹਿੱਸਾ ਲਿਆ ਗਿਆ। ਪ੍ਰੋਗਰਾਮ ਦੀ ਸ਼ੁਰੂਆਤ ਪ੍ਰਿੰ. ਅੰਮ੍ਰਿਤਬੀਰ ਕੌਰ ਅਤੇ ਸਟਾਫ਼ ਵੱਲੋਂ ਕੇਕ ਕੱਟ ਕੇ ਕੀਤੀ ਗਈ। ਇਸ ਮੌਕੇ ਸਟਾਫ਼ ਵੱਲੋਂ ਵੱਖ ਵੱਖ ਖੇਡਾਂ ਅਤੇ ਵਿਦਿਆਰਥੀਆਂ ਗੀਤ, ਕਵਿਤਾਵਾਂ ਆਦਿ ਪੇਸ਼ ਕੀਤੀਆਂ ਗਈਆਂ। ਪ੍ਰਿੰ. ਅੰਮ੍ਰਿਤਬੀਰ ਕੌਰ ਨੇ ਅਧਿਆਪਕ ਦਿਵਸ ਦੀ ਮਹੱਤਤਾ ਬਾਰੇ ਵਿਸਥਾਰਪੂਰਵਕ ਜਾਣਕਾਰੀ ਦਿੰਦਿਆਂ ਸਮੂਹ ਅਧਿਆਪਕਾਂ ਨੂੰ ਪੂਰੀ ਮਿਹਨਤ ਅਤੇ ਇਮਾਨਦਾਰੀ ਨਾਲ ਵਿਦਿਆਰਥੀਆਂ ਨੂੰ ਸਿੱਖਿਅਤ ਕਰਨ ਨੂੰ ਕਿਹਾ ਤਾਂ ਜੋ ਵਿਦਿਆਰਥੀ ਆਉਣ ਵਾਲੇ ਸਮੇਂ ਵਿੱਚ ਚੰਗੇ ਸਮਾਜ ਦੀ ਸਿਰਜਣਾ ਕਰ ਸਕਣ। ਉਨ੍ਹਾਂ ਵਿਦਿਆਰਥੀਆਂ ਨੂੰ ਵੀ ਉੱਚ ਸਿਖਿਆ ਹਾਸਲ ਕਰਨ ਲਈ ਪ੍ਰੇਰਿਤ ਕੀਤਾ

# ਦਿਹਾਤੀ ਮਜ਼ਦੂਰ ਸਭਾ ਵੱਲੋਂ ਲਾਇਆ ਧਰਨਾ ਤੀਜੇ ਦਿਨ ਵੀ ਜਾਰੀ

**ਪਠਾਨਕੋਟ (ਦਵਿੰਦਰ ਸਿੰਘ)**-ਕੱਟੇ ਰਾਸ਼ਨ ਕਾਰਡ ਬਹਾਲੀ ਲਈ ਦਿਹਾਤੀ ਮਜ਼ਦੂਰ ਸਭਾ ਵਲੋਂ ਜਿਲ੍ਹਾ ਹੈੱਡਕੁਆਰਟਰ ਪਠਾਨਕੋਟ ਵਿਖੇ ਲੱਗੇ ਅਣਮਿੱਥੇ ਸਮੇਂ ਦੇ ਧਰਨੇ ਜੋ ਅੱਜ ਤੀਜੇ ਦਿਨ ਵੀ ਜਾਰੀ ਰਿਹਾ। ਜ਼ਿਲ੍ਹੇ ਦੇ ਵੱਖ-ਵੱਖ ਪਿੰਡਾਂ ਫੂਲ ਪਿਆਰਾ, ਛੰਨ ਕੋਠੇ, ਬੇੜੀਆਂ, ਸ਼ੇਖਾਂ ਤੇ ਵਿਸ਼ਵਕਰਮਾ ਮਹੱਲਾ ਸੁਜਾਨਪੁਰ, ਇਸਲਾਮਪੁਰ, ਸ਼ਾਦੀਪੁਰ, ਢੋਲੋਵਾਲ, ਖੋਜਕੀ ਚੱਕ, ਸਰੋਟਾ, ਬਲੋਤਰ, ਕੋਟ ਭੱਟੀਆਂ, ਬਸਾਊ ਬਾੜਵਾਂ ਅਤੇ ਹੋਰ ਪਿੰਡਾਂ ਤੋਂ ਆਪਣੇ ਜਰੂਰੀ ਰੁਝੇਵਿਆਂ ਵਿੱਚੋਂ ਸਮਾਂ ਕੱਢ ਕੇ ਔਰਤਾਂ ਮਰਦਾਂ ਦਾ ਧਰਨੇ ਵਿੱਚ ਪਹੁੰਚਣਾ ਸ਼ੁਰੂ ਹੋ ਗਿਆ ਹੈ। ਧਰਨੇ ਦੀ ਅਗਵਾਈ ਕਰ ਰਹੇ ਦਿਹਾਤੀ ਮਜ਼ਦੂਰ ਸਭਾ ਦੇ ਆਗੂਆਂ ਸਾਥੀ ਅਜੀਤ ਰਾਮ ਗੰਦਲਾਂ ਲਾਹੜੀ ਅਤੇ ਪ੍ਰਵੀਨ ਕੁਮਾਰ ਬਮਿਆਲ ਨੇ ਸਾਂਝੇ ਤੌਰ ਉੱਤੇ ਦੱਸਿਆ ਕਿ ਜਿਵੇਂ ਜਿਵੇਂ ਪੱਕੇ ਤੌਰ ਤੇ ਲੱਗੇ ਧਰਨੇ ਦੀਆਂ ਖਬਰਾਂ ਇਲੈਕਟ੍ਰਾਨਿਕ ਤੇ ਪ੍ਰਿੰਟ ਮੀਡੀਆ ਰਾਹੀਂ ਲੋਕਾਂ ਤਕ ਪਹੁੰਚ ਹੋ ਰਹੀ ਹੈ, ਲੋਕ ਧਰਨੇ ਦੀਆਂ ਲੋੜਾਂ ਨੂੰ ਸਮਝਦਿਆਂ ਰਾਸ਼ਨ, ਚਾਹ ਪਾਣੀ ਦੀ ਵਿਵਸਥਾ ਅਤੇ ਹੋਰ ਖਰਚਿਆਂ ਲਈ ਸਹਾਇਤਾ ਵੀ ਕਰ ਰਹੇ ਹਨ। ਆਗੂਆਂ ਨੇ ਅੱਗੇ ਕਿਹਾ ਕਿ ਜੇਕਰ ਸਰਕਾਰ ਤੇ ਪ੍ਰਸ਼ਾਸਨਿਕ ਅਧਿਕਾਰੀ ਥੋੜ੍ਹੀ ਜਿਹੀ ਇਮਾਨਦਾਰੀ ਤੇ ਸਖਤੀ ਨਾਲ ਫੂਡ ਤੇ ਸਿਵਲ ਸਪਲਾਈ ਵਿਭਾਗ ਦੇ ਅਧਿਕਾਰੀਆਂ ਦੀ ਪੜਤਾਲ ਕਰਨ ਤਾਂ ਗਰੀਬ ਲੋਕਾਂ ਪੇਸ਼ ਆ ਰਹੀਆਂ ਮੁਸ਼ਕਲਾਂ ਦਾ ਹੱਲ ਹੋ ਸਕਦਾ ਹੈ, ਪਤਾ ਨਹੀਂ ਫੂਡ ਤੇ ਸਿਵਲ ਸਪਲਾਈ ਵਿਭਾਗ ਦੇ ਦੇ ਮੰਤਰੀ ਅਤੇ ਉੱਚ ਅਧਿਕਾਰੀਆਂ ਦੀ ਕੀ ਮਜਬੂਰੀ ਹੈ ਕਿ ਕੋਈ ਵੀ ਸਬੰਧਤ ਅਧਿਕਾਰੀ ਆਪਣੇ ਫਰਜ਼ ਨਹੀਂ ਨਿਭਾ ਰਿਹਾ, ਹੇਠਾਂ ਪਬਲਿਕ ਅੰਦਰ ਚਰਚਾ ਹੋ ਰਹੀ ਹੈ ਕਿ ਦਾਲ ਵਿੱਚ ਕੁਝ ਕਾਲਾ ਹੈ।

ਧਰਨੇ ਸਥਾਨ 'ਤੇ ਕੱਟੇ ਰਾਸ਼ਨ ਕਾਰਡ ਬਹਾਲ ਕਰੋ, ਖਰਾਬ ਕਣਕ ਦੇਣੀ ਬੰਦ ਕਰੋ-ਸਾਫ ਸੁਥਰੀ ਕਣਕ ਦਾ ਪਰਬੰਧ ਕਰੋ, ਪਰਚੀਆਂ ਕੱਟ ਕੇ ਕਣਕ ਦੇਣ ਤੋਂ ਆਨਾਕਾਨੀ ਕਰਨ ਵਾਲੇ ਡੀਪੂਆਂ ਦੇ ਲਾਈਸੈਂਸ ਰੱਦ ਕਰੋ, ਗਰੀਬ ਲੋਕਾਂ ਦੇ ਰਾਸ਼ਨ ਕਾਰਡ ਕੱਟਣ ਵਾਲੇ ਅਧਿਕਾਰੀਆਂ ਨੂੰ ਬਰਖਾਸਤ ਕਰੋ ਤੋਂ ਇਲਾਵਾ ਪੰਜਾਬ ਸਰਕਾਰ ਅਤੇ ਫੂਡ ਤੇ ਸਿਵਲ ਸਪਲਾਈ ਵਿਭਾਗ ਦੇ ਅਧਿਕਾਰੀਆਂ ਖਿਲਾਫ਼ ਮੁਰਦਾਬਾਦ ਦੇ ਨਾਅਰੇ ਸਾਰਾ ਦਿਨ ਲੱਗਦੇ ਰਹੇ।

ਇਸ ਮੌਕੇ ਸਾਥੀ ਬਲਕਾਰ ਚੰਦ ਭਰਿਆਲ, ਯਸ਼ਪਾਲ, ਸੋਹਨ ਲਾਲ, ਬਲਕਾਰ ਚੰਦ ਫੂਲਪਿਆਰਾ, ਕੇਵਲ ਕੁਮਾਰ, ਦੇਵ ਰਾਜ ਸੁਜਾਨਪੁਰ, ਅਸ਼ਵਨੀ ਕੁਮਾਰ, ਨਰੇਸ਼ ਕੁਮਾਰ, ਰੂਪ ਲਾਲ, ਮੋਹਣ ਲਾਲ, ਦਰਸ਼ਨ ਸਿੰਘ, ਜਗੀਰ ਸਿੰਘ, ਕ

7-Sep-PAGE- 12 qxd.qxd 9/6/2023 8:22 PM Page 1



# ਚਮਕੌਰ ਸਾਹਿਬ ਵਿਖੇ ਹੋਏ ਵਾਲੀਬਾਲ ਤੇ ਕਬੱਡੀ ਦੇ ਮੁਕਾਬਲੇ

**ਸ੍ਰੀ ਚਮਕੌਰ ਸਾਹਿਬ (ਕੁਲਵਿੰਦਰ ਕਾਲਾ)** ਖੇਡਾਂ ਵਤਨ ਪੰਜਾਬ ਦੀਆਂ 2023 ਤਹਿਤ ਖ਼ਾਲਸਾ ਸਟੇਡੀਅਮ ਸ੍ਰੀ ਚਮਕੌਰ ਸਾਹਿਬ ਵਿਖੇ ਬਲਾਕ ਸ੍ਰੀ ਚਮਕੌਰ ਸਾਹਿਬ ਦੇ ਵਿਦਿਆਰਥੀਆਂ ਦੇ ਵੱਖ- ਵੱਖ ਮੁਕਾਬਲੇ ਕਰਵਾਏ ਜਾ ਰਹੇ ਹਨ। ਉੱਪ ਮੰਡਲ ਮੈਜਿਸਟਰੇਟ ਅਮਰੀਕ ਸਿੰਘ ਸਿੱਧੂ ਦੀ ਅਗਵਾਈ ਹੇਠ ਇਨ੍ਹਾਂ ਮੁਕਾਬਲਿਆਂ ਦਾ ਇਹ ਤੀਜਾ ਦਿਨ ਸੀ। ਪ੍ਰਿੰਸੀਪਲ ਜਗਤਾਰ ਸਿੰਘ ਅਤੇ ਪ੍ਰਿੰਸੀਪਲ ਬਲਵੰਤ ਸਿੰਘ ਦੀ ਦੇਖ ਰੇਖ ਹੇਠ ਕਬੱਡੀ ਮੁੰਡੇ, ਵਾਲੀਵਾਲ ਮੁੰਡੇ ਅਤੇ ਕੁੜੀਆਂ ਦੇ ਮੁਕਾਬਲੇ ਕਰਵਾਏ ਗਏ। ਵਾਲੀਵਾਲ ਦੇ ਹੋਏ ਵਰਗ 14 ਮੁੰਡਿਆਂ ਅਤੇ ਕੁੜੀਆਂ ਦੇ ਮੁਕਾਬਲਿਆਂ ਵਿੱਚ ਗੁਰੂ ਗੋਬਿੰਦ ਸਿੰਘ ਪਬਲਿਕ ਸਕੂਲ ਜੇਤੂ ਰਿਹਾ। 17 ਕਿਲੋਗ੍ਰਾਮ ਕਬੱਡੀ ਵਿੱਚ ਖਾਲਸਾ ਸਕੂਲ ਜੰਡ ਸਾਹਿਬ ਜੇਤੂ ਰਿਹਾ। ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਹਾਫਿਜ਼ਾਬਾਦ, ਸਰਕਾਰੀ ਹਾਈ ਸਕੂਲ ਬਸੀ ਗੁੱਜਰਾਂ, ਜਵਾਹਰ ਨਵੋਦਿਆ ਵਿਦਿਆਲਾ ਸੰਧੂਆਂ, ਸਰਕਾਰੀ ਹਾਈ ਸਕੂਲ ਸੰਧੂਆਂ, ਖਾਲਸਾ ਸਕੂਲ ਸ੍ਰੀ ਚਮਕੌਰ ਸਾਹਿਬ ਨੇ ਵੀ ਕਬੱਡੀ ਵਿੱਚ ਜੌਹਰ ਦਿਖਾਏ। ਗਾਰਡਨ ਵੈਲੀ ਇੰਟਰਨੈਸ਼ਨਲ ਪਬਲਿਕ ਸਕੂਲ ਵਾਲੀਵਾਲ ਵਿੱਚ ਦੂਜੇ ਸਥਾਨ ਉੱਤੇ ਰਿਹਾ। ਇਸ ਮੌਕੇ ਕੋਚ ਲਵਜੀਤ ਸਿੰਘ ਕੰਗ, ਕੋਚ ਉਕਰਦੀਪ ਕੌਰ, ਰਾਬਿੰਦਰ ਸਿੰਘ ਰੱਬੀ, ਹਰਮਨਦੀਪ ਸਿੰਘ, ਗੁਰਿੰਦਰ ਸਿੰਘ ਹਾਫਿਜ਼ਾਬਾਦ, ਗੁਰਵਿੰਦਰ ਸਿੰਘ ਬਰਸਾਲਪੁਰ, ਊਧਮ ਸਿੰਘ ਬਸੀ ਗੁੱਜਰਾਂ, ਨਰਿੰਦਰ ਕੌਰ ਬੇਲਾ, ਇੰਦਰਜੀਤ ਕੌਰ ਭਲਿਆਣ, ਹਰਵਿੰਦਰ ਸਿੰਘ ਭੱਕੂ ਮਾਜਰਾ, ਦਵਿੰਦਰ ਸਿੰਘ ਮਕੜੌਨਾ, ਇੰਦਰਜੀਤ ਸਿੰਘ ਹਾਫਿਜ਼ਾਬਾਦ, ਰਵਿੰਦਰ ਸਿੰਘ ਖੇੜੀ, ਜਸਵਿੰਦਰ ਪਾਲ ਸਿੰਘ, ਗੁਰਿੰਦਰ ਪਾਲ ਸਿੰਘ, ਦਲੀਪ ਸਿੰਘ ਬਸੀ ਗੁੱਜਰਾਂ, ਅਭੈ ਸਿੰਘ ਬਰਸਾਲਪੁਰ, ਪਰਮੀਲ ਕੁਮਾਰ, ਨਿੰਰਜਣ ਸਿੰਘ, ਹਰਵਿੰਦਰ ਸਿੰਘ, ਗੁਰਵਿੰਦਰ ਸਿੰਘ ਬਰਸਾਲਪੁਰ, ਡਾ. ਬਿੰਦਰਾ ਸਿੱਧੂ, ਭੂਮਿਕਾ ਸਿੰਘ, ਹਰਪ੍ਰੀਤ ਸਿੰਘ, ਵਰਿੰਦਰ ਸਿੰਘ, ਨਰਿੰਦਰ ਸੈਣੀ, ਇੰਦਰਜੀਤ ਕੌਰ, ਸ਼ੈਲੀ ਵਰਮਾ, ਜਸਪਾਲ ਕੌਰ, ਗੁਰਦੀਪ ਸਿੰਘ, ਹਰਦੀਪ ਕੌਰ, ਸ਼ੈਲੀ ਵਰਮਾ, ਪੁਨੀਤ ਸਿੰਘ ਲਾਲੀ, ਜਸਪ੍ਰੀਤ ਕੌਰ, ਬੀਰ ਦਵਿੰਦਰ ਪਾਲ, ਡਾ. ਸੁਖਦੇਵ ਸਿੰਘ, ਗੁਰਪਾਲ ਸਿੰਘ, ਕਰਮਜੀਤ ਕੌਰ, ਤਰਨਜੀਤ ਕੌਰ ਨੇ ਖੇਡਾਂ ਨੂੰ ਨੇਪਰੇ ਚਾੜ੍ਹਨ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਈ।

# ਸਰਕਾਰੀ ਸੀਨੀਅਰ ਸੈਕੰਡਰੀ ਸਮਾਰਟ ਸਕੂਲ ਬਾਕਰਪੁਰ ਵਿਖੇ ਅਧਿਆਪਕ ਦਿਵਸ ਮਨਾਇਆ

**ਮੋਹਾਲੀ, (ਗੁਰਜੀਤ ਬਿੱਲਾ)** ਇੱਥੇ ਸਰਕਾਰੀ ਸੀਨੀਅਰ ਸੈਕੰਡਰੀ ਸਮਾਰਟ ਸਕੂਲ, ਬਾਕਰਪੁਰ ਵਿੱਚ ਅਧਿਆਪਕ ਦਿਵਸ ਮਨਾਉਣ ਦੇ ਲਈ ਆਮ ਆਦਮੀ ਪਾਰਟੀ ਪੰਜਾਬ ਦੇ ਸੂਬਾ ਸਕੱਤਰ ਅਤੇ ਜਲ ਸਪਲਾਈ ਅਤੇ ਸੀਵਰੇਜ਼ ਬੋਰਡ ਦੇ ਚੇਅਰਮੈਨ ਡਾ. ਐੱਸ. ਐੱਸ. ਆਹਲੂਵਾਲੀਆ ਵਿਸ਼ੇਸ਼ ਤੌਰ 'ਤੇ ਪਹੁੰਚੇ। ਪ੍ਰਿੰਸੀਪਲ ਦਮਨਜੀਤ ਕੌਰ ਨੇ ਦੱਸਿਆ ਕਿ ਉਨ੍ਹਾਂ ਦੇ ਸਕੂਲ ਦੀਆਂ ਕਲਾਸਾਂ ਦਾ ਸਾਰਾ ਪ੍ਰਬੰਧ ਸਕੂਲ ਦੇ ਵਿਦਿਆਰਥੀਆਂ ਵਲੋਂ ਸੰਭਾਲਿਆ ਗਿਆ ਤੇ ਬੱਚਿਆਂ ਵਲੋਂ ਬੜੇ ਅਨੁਸ਼ਾਸਨ ਦੇ ਵਿੱਚ ਰਹਿ ਕੇ ਸਾਰੀਆਂ ਕਲਾਸਾਂ ਨੂੰ ਚਲਾਇਆ ਗਿਆ। ਸਕੂਲ ਦੇ 26 ਅਧਿਆਪਕਾਂ ਦਾ ਰੋਲ ਬੱਚਿਆਂ ਵਲੋਂ ਅਦਾ ਕੀਤਾ ਗਿਆ। ਇਸ ਮੌਕੇ 12ਵੀਂ ਕਲਾਸ ਦੀ ਵਿਦਿਆਰਥਣ ਜਸ਼ਨਦੀਪ ਕੌਰ ਨੇ ਸਕੂਲ ਦੇ ਪ੍ਰਿੰਸੀਪਲ ਦਾ ਰੋਲ ਅਦਾ ਕੀਤਾ। ਡਾ. ਆਹਲੂਵਾਲੀਆ ਨੇ ਬਾਕਰਪੁਰ ਸਕੂਲ ਦੇ ਸਾਰੇ ਅਧਿਆਪਕਾਂ ਨੂੰ ਵਧਾਈ ਦਿੰਦੇ ਹੋਏ ਤੋਹਫੇ ਭੇਂਟ ਕੀਤੇ। ਉਨ੍ਹਾਂ ਨੇ ਇਸ ਮੌਕੇ ਡਾ. ਰਾਧਾ ਕ੍ਰਿਸ਼ਨਨ ਦੇ ਯੋਗਦਾਨ ਨੂੰ ਯਾਦ ਕੀਤਾ।

# ਇਨੋਸੈਂਟ ਹਾਰਟਸ ਗਰੁੱਪ 'ਚ ਮਨਾਇਆ ਅਧਿਆਪਕ ਦਿਵਸ

**ਜਲੰਧਰ -(ਸ਼ੈਲੀ ਐਲਬਰਟ)**-ਇੰਨੋਸੈਂਟ ਹਾਰਟਸ ਗਰੁੱਪ (ਗ੍ਰੀਨ ਮਾਡਲ ਟਾਊਨ, ਲੋਹਾਰਾਂ, ਨੂਰਪੁਰ ਰੋਡ, ਕੈਂਟ ਜੰਡਿਆਲਾ ਰੋਡ ਅਤੇ ਕਪੂਰਥਲਾ ਰੋਡ), ਮੈਨੇਜਮੈਂਟ ਕਾਲਜ ਅਤੇ ਇੰਨੋਸੈਂਟ ਹਾਰਟਸ ਕਾਲਜ ਆਫ਼ ਐਜੂਕੇਸ਼ਨ ਦੇ ਪੰਜਾਂ ਸਕੂਲਾਂ ਵਿੱਚ ਡਾ: ਸਰਵਪੱਲੀ ਰਾਧਾਕ੍ਰਿਸ਼ਨਨ ਦੇ ਜਨਮ ਦਿਨ ਤੇ ਅਧਿਆਪਕ ਦਿਵਸ ਮਨਾਇਆ ਗਿਆ । ਨੌਜਵਾਨਾਂ ਦੇ ਜੀਵਨ ਨੂੰ ਆਕਾਰ ਦੇਣ ਲਈ ਉਨ੍ਹਾਂ ਦੇ ਮਾਰਗਦਰਸ਼ਨ, ਸਮਰਥਨ ਅਤੇ ਮਹੱਤਵਪੂਰਨ ਭੂਮਿਕਾ ਨੂੰ ਦਰਸਾਉਣ ਲਈ ਮਾਈ ਸੈਂਟਰ,ਮਾਈ ਗਾਈਡ ਥੀਮ ਹੇਠ ਕਈ ਗਤੀਵਿਧੀਆਂ ਰਾਹੀਂ ਅਧਿਆਪਕਾਂ ਪ੍ਰਤੀ ਸਤਿਕਾਰ ਪ੍ਰਗਟ ਕੀਤਾ ਗਿਆ ।।ਇਸ ਦੇ ਨਾਲ ਹੀ ਅਧਿਆਪਕਾਂ ਨੂੰ ਧੰਨਵਾਦ ਕਾਰਡ ਵੀ ਦਿੱਤੇ ਗਏ, ਉਨ੍ਹਾਂ ਨੇ ਗਾਇਕੀ, ਕਵਿਤਾ ਅਤੇ ਡਾਂਸ ਰਾਹੀਂ ਆਪਣੇ ਅਧਿਆਪਕਾਂ ਨੂੰ ਆਪਣੀਆਂ ਭਾਵਨਾਵਾਂ ਪੇਸ਼ ਕੀਤੀਆਂ। ਇੰਨੋਕਿਡਜ਼ ਦੇ ਛੋਟੇ ਬੱਚਿਆਂ ਨੇ ਆਪਣੇ ਅਧਿਆਪਕਾਂ ਨੂੰ ਬੈਜ ਭੇਟ ਕੀਤੇ ਅਤੇ ਛੋਟੇ ਹੱਥਾਂ ਵਿੱਚ ਲਿਖੇ ਸੁੰਦਰ ਸੰਦੇਸ਼ਾਂ ਵਾਲੇ ਕਾਰਡ ਆਪਣੇ ਅਧਿਆਪਕਾਂ ਨੂੰ ਦਿੱਤੇ। ।ਇਸ ਮੌਕੇ ਪ੍ਰਬੰਧਕਾਂ ਵੱਲੋਂ ਵਿਸ਼ੇਸ਼ ਤੌਰ ਤੇ ਅਧਿਆਪਕਾਂ ਲਈ ਰੰਗਾਰੰਗ ਸੱਭਿਆਚਾਰਕ ਪ੍ਰੋਗਰਾਮ, ਕਈ ਗਤੀਵਿਧੀਆਂ ਅਤੇ ਮਨੋਰੰਜਕ ਖੇਡਾਂ ਦਾ ਆਯੋਜਨ ਕੀਤਾ ਗਿਆ, ਜਿਸ ਵਿੱਚ ਅਧਿਆਪਕਾਂ ਨੇ ਬੜੇ ਉਤਸ਼ਾਹ ਨਾਲ ਭਾਗ ਲਿਆ । ਮਜ਼ੇਦਾਰ ਖੇਡਾਂ ਵਿੱਚ ਜੇਤੂ ਅਧਿਆਪਕਾਂ ਨੂੰ ਇਨਾਮ ਦਿੱਤੇ ਗਏ। ਇਸ ਮੌਕੇ ਪ੍ਰਬੰਧਕਾਂ ਵੱਲੋਂ ਅਧਿਆਪਕਾਂ ਲਈ ਦੁਪਹਿਰ ਦੇ ਖਾਣੇ ਦਾ ਵਿਸ਼ੇਸ਼ ਪ੍ਰਬੰਧ ਕੀਤਾ ਗਿਆ । ਇੰਨੋਸੈਂਟ ਹਾਰਟਸ ਦੇ ਚੇਅਰਮੈਨ ਡਾ: ਅਨੂਪ ਬੰਗੌ ਨੇ ਸਮੂਹ ਅਧਿਆਪਕਾਂ ਨੂੰ ਅਧਿਆਪਕ ਦਿਵਸ ਦੀ ਵਧਾਈ ਦਿੰਦਿਆਂ ਕਿਹਾ ਕਿ ਅਧਿਆਪਕ ਸਮਾਜ ਦੇ ਨਿਰਮਾਤਾ ਹੁੰਦੇ ਹਨ, ਜੋ ਉੱਨਤ ਸਮਾਜ ਦਾ ਨਿਰਮਾਣ ਕਰਦੇ ਹਨ । ਵਿਦਿਆਰਥੀਆਂ ਦੇ ਜੀਵਨ ਵਿੱਚ ਅਧਿਆਪਕਾਂ ਦੇ ਅਹਿਮ ਯੋਗਦਾਨ ਨੂੰ ਰੇਖਾਂਕਿਤ ਕਰਦਿਆਂ ਉਨ੍ਹਾਂ ਕਿਹਾ ਕਿ ਅਧਿਆਪਕ ਵਿਦਿਆਰਥੀਆਂ ਦੇ ਜੀਵਨ ਵਿੱਚ ਅਹਿਮ ਭੂਮਿਕਾ ਨਿਭਾਉਂਦੇ ਹਨ । ਸਿੱਖਿਆ ਦੇ ਨਾਲ-ਨਾਲ ਅਧਿਆਪਕ ਦਾ ਮੁੱਖ ਉਦੇਸ਼ ਵਿਦਿਆਰਥੀਆਂ ਦੇ ਸਰਵਪੱਖੀ ਵਿਕਾਸ ਲਈ ਹਮੇਸ਼ਾ ਤਤਪਰ ਰਹਿਣਾ ਹੋਣਾ ਚਾਹੀਦਾ ਹੈ । ਵਿਦਿਆਰਥੀਆਂ ਵਿੱਚ ਗਿਆਨ ਦੀ ਰੌਸ਼ਨੀ ਜਗਾਉਣ ਵਾਲੇ ਸਾਰੇ ਅਧਿਆਪਕ ਪ੍ਰਸ਼ੰਸਾ ਅਤੇ ਵਧਾਈ ਦੇ ਹੱਕਦਾਰ ਹਨ ।

# ਕਰਮਯੋਗੀ ਮਿਹਨਤਕਸ਼ ਅਧਿਆਪਕਾਂ ਨੂੰ ਕੀਤਾ ਸਨਮਾਨਤ

**ਸ੍ਰੀ ਅਨੰਦਪੁਰ ਸਾਹਿਬ (ਅਰਵਿੰਦਰ ਸਿੰਘ ਬਿੰਦੀ)**—ਖਾਲਸੇ ਦੀ ਜਨਮ ਭੂਮੀ ਸ੍ਰੀ ਅਨੰਦਪੁਰ ਸਾਹਿਬ ਦੀ ਜੂਹ ਵਿਚ ਸਥਾਪਿਤ ਵਿਦਿਅਕ ਸੰਸਥਾ ਸਰਕਾਰੀ ਆਦਰਸ਼ ਸੀਨੀਅਰ ਸੈਕੰਡਰੀ ਸਕੂਲ ਲੋਦੀਪੁਰ ਵਿਖੇ ਕਰਮਯੋਗੀ ਮਿਹਨਤਕਸ਼ ਅਧਿਆਪਕਾਂ ਨੂੰ ਅਧਿਆਪਕ ਦਿਵਸ ਮੌਕੇ ਸਨਮਾਨਿਤ ਕੀਤਾ ਗਿਆ। ਇਸ ਸਨਮਾਨ ਸਮਾਰੋਹ ਵਿਚ ਬਲਵਿੰਦਰ ਕੌਰ ਮਾਤਾ ਸਿੱਖਿਆ ਮੰਤਰੀ ਪੰਜਾਬ ਨੇ ਸ਼ਿਰਕਤ ਕੀਤੀ। ਉਹਨਾਂ ਅਧਿਆਪਕਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਸਮਾਜ ਨੂੰ ਸਹੀ ਦਿਸਾ ਦਰਸਾਉਣ ਵਿੱਚ ਬੁੱਧੀਜੀਵੀ ਅਧਿਆਪਕ ਵਰਗ ਦਾ ਅਹਿਮ ਯੋਗਦਾਨ ਹੈ। ਸਕੂਲ ਦੇ ਪ੍ਰਿੰਸੀਪਲ ਅਵਤਾਰ ਸਿੰਘ ਚੌਹਾਨ ਵਲੋਂ ਸਮੂਹ ਅਧਿਆਪਕਾਂ ਰਾਹੀਂ ਸਕੂਲ ਦੇ ਚਹੁਤਰਫਾ ਵਿਕਾਸ ਵਿਚ ਪਾਏ ਯੋਗਦਾਨ ਦੀ ਰੱਜ ਕੇ ਤਾਰੀਫ ਕੀਤੀ ਅਤੇ ਭਵਿੱਖ ਵਿੱਚ ਹੋਰ ਮਿਹਨਤ ਕਰਨ ਲਈ ਪ੍ਰੇਰਿਆ। ਮੁੱਖ ਮਹਿਮਾਨ ਨੇ ਅਧਿਆਪਕਾਂ ਨੂੰ ਸਨਮਾਨ ਚਿੰਨ੍ਹ ਅਤੇ ਪ੍ਰਸ਼ੰਸਾ ਪੱਤਰ ਭੇਟ ਕੀਤੇ। ਇਸ ਮੌਕੇ ਇੰਦਰਜੀਤ ਕੌਰ, ਹਰਪ੍ਰੀਤ ਕੌਰ, ਮਨਜੀਤ ਕੌਰ, ਅੰਕੁਸ਼,ਲੈਕ. ਚਰਨਜੀਤ ਸਿੰਘ, ਤਪਿੰਦਰ ਕੌਰ,ਬਲਜੀਤ ਕੌਰ,ਗੁਰਪ੍ਰੀਤ ਕੌਰ,ਮਨਿੰਦਰ ਕੌਰ,ਬਲਕਾਰ ਸਿੰਘ,ਮੁਕੇਸ਼ ਕੁਮਾਰ,ਅਜਵਿੰਦਰ ਕੌਰ,ਸੁਖਵਿੰਦਰ ਕੌਰ,ਰਾਜਵੀਰ ਕੌਰ, ਪ੍ਰੇਰਾ,ਸੰਦੀਪਾ,ਕਮਲਜੀਤ ਕੌਰ,ਕਮਲਪ੍ਰੀਤ ਸਿੰਘ, ਹਰਸਿਮਰਨ ਸਿੰਘ,ਸੁਰਿੰਦਰਪਾਲ ਸਿੰਘ,ਨਿਰਮਲ ਸਿੰਘ,ਅਮਰਜੀਤ ਸਿੰਘ, ਗੁਰਮੇਲ ਸਿੰਘ,ਅੰਮ੍ਰਿਤਪਾਲ ਸਿੰਘ,ਵਰੁਣ ਕੁਮਾਰ,ਰਮਾ ਰਾਣੀ,ਸ਼ਰਨਜੀਤ ਕੌਰ, ਗੁਰਪ੍ਰੀਤ ਕੌਰ, ਸੋਨੀਆ ਰਾਣੀ, ਰਜਨੀ , ਗੁਰਨੈਬ ਸਿੰਘ, ਲਖਵੀਰ ਸਿੰਘ, ਸੁਸ਼ੀਲ ਕੁਮਾਰ, ਗੁਰਪ੍ਰੀਤ ਸਿੰਘ, ਰੀਨਾ,ਕੁਲਜਿੰਦਰ ਕੌਰ,ਚਰਨਜੀਤ ਕੌਰ,ਤੇਜਵੰਤ ਕੌਰ,ਦਵਿੰਦਰ ਕੌਰ,ਨਿਰਮਲ,ਪਿੰਕੀ ਰਾਣੀ,ਰੋਮਿਲ, ਦੀਪਸ਼ਿਖਾ, ਲਖਵੀਰ ਕੌਰ,ਰੀਨਾ ਰਾਣੀ ਆਦਿ ਹਾਜਰ ਸਨ।

# ਫੁੱਟਬਾਲ, ਵਾਲੀਵਾਲ , ਕਬੱਡੀ ਤੇ ਅਥਲੈਟਿਕਸ ਦੇ ਮੁਕਾਬਲੇ ਹੋਏ

**ਮੋਰਿੰਡਾ (ਜੈਜੀ ਸਰਦਾਰ)** ਪੰਜਾਬ ਦੇ ਬੱਚਿਆਂ ਨੂੰ ਨਸ਼ਿਆਂ ਤੋਂ ਬਚਾਉਣ ਲਈ ਪੰਜਾਬ ਸਰਕਾਰ ਵੱਲੋਂ ਕਰਵਾਏ ਜਾ ਰਹੇ ਟੂਰਨਾਮੈਂਟ ਵਿੱਚ ਅੱਜ ਫੁੱਟਬਾਲ, ਵਾਲੀਵਾਲ ਕਬੱਡੀ ਅਤੇ ਅਥਲੈਟਿਕਸ ਦੇ ਮੁਕਾਬਲੇ ਕਰਵਾਏ ਗਏ। ਬੀ ਐਨ ਓ ਸੁਰਿੰਦਰ ਕੁਮਾਰ ਘਈ ਅਤੇ ਪ੍ਰਿੰਸੀਪਲ ਮਲਕੀਤ ਸਿੰਘ ਨੇ ਦੱਸਿਆ ਕਿ ਅੱਜ ਪੰਜਾਬ ਪੁਲਸ ਦੀ ਮੋਰਿੰਡਾ ਨਿਵਾਸੀ ਉੱਘੀ ਵੇਟ ਲਿਫਟਰ ਕੁਲਬੀਰ ਕੌਰ ਭਟੋਆ ਬੱਚਿਆਂ ਨੂੰ ਅਸ਼ੀਰਵਾਦ ਦੇਣ ਲਈ ਉਚੇਚੇ ਤੌਰ 'ਤੇ ਪੁੱਜੇ। ਉਨ੍ਹਾਂ ਨੌਜਵਾਨਾਂ ਨੂੰ ਨਸ਼ਿਆਂ ਤੋਂ ਦੂਰ ਰਹਿਣ ਦਾ ਸੱਦਾ ਦਿੱਤਾ। ਖੇਡ ਵਿਭਾਗ ਦੇ ਕੋਚ ਹਰਵਿੰਦਰ ਸਿੰਘ ਹਰਿੰਦਰ ਸਿੰਘ ਅਤੇ ਯਸਪਾਲ ਰਜੌਰੀਆ ਸਾਰੇ ਪ੍ਰਬੰਧ ਮੁਸਤੈਦੀ ਨਾਲ ਦੇਖ ਰਹੇ ਹਨ। ਉਪ ਮੰਡਲ ਮੈਜਿਸਟਰੇਟ ਦੀਪਾਂਕਰ ਗਰਗ ਅਤੇ ਤਹਿਸੀਲਦਾਰ ਮਨਿੰਦਰ ਸਿੰਘ ਸਿੱਧੂ ਦੀ ਦੇਖਰੇਖ ਹੇਠ ਚੱਲ ਰਹੀਆਂ ਖੇਡਾਂ ਵਿੱਚ ਅੱਜ ਹੋਏ ਮੈਚਾਂ ਦੇ ਨਤੀਜੇ ਇਸ ਪ੍ਰਕਾਰ ਰਹੇ ਫ਼ੁੱਟਬਾਲ: ਅੰਡਰ 14 ਲੜਕੀਆਂ ਵਿੱਚ ਸਰਕਾਰੀ ਹਾਈ ਸਕੂਲ ਚਤਤਾਮਲੀ ਨੇ ਜਿੱਤ ਹਾਸਲ ਕੀਤੀ। ਅੰਡਰ 14 ਲੜਕੇ ਵਿੱਚ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਮੋਰਿੰਡਾ ਨੇ ਪਹਿਲਾ ਅਤੇ ਗਾਰਡਨ ਵੈਲੀ ਸਕੂਲ ਨੇ ਦੂਜਾ ਸਥਾਨ ਪ੍ਰਾਪਤ ਕੀਤਾ। ਅੰਡਰ 17 ਤੀਜੀ ਅਤੇ ਚੌਥੀ ਪੁਜੀਸ਼ਨ ਲਈ ਮੈਚ ਕਰਵਾਏ ਗਏ। ਜਿਸ ਵਿੱਚ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਮੋਰਿੰਡਾ ਨੇ ਗਾਰਡਨ ਵੈਲੀ ਸਕੂਲ ਨੂੰ ਹਰਾਇਆ। ਇਸ ਵਰਗ ਦਾ ਫੁੱਟਬਾਲ ਦਾ ਫਾਈਨਲ ਮੈਚ ਕੱਲ੍ਹ ਨੂੰ ਹੋਵੇਗਾ। ਅੰਡਰ 21 ਗਾਰਡਨ ਵੈਲੀ ਸਕੂਲ ਨੇ ਪਹਿਲਾ ਸਥਾਨ ਪ੍ਰਾਪਤ ਕੀਤਾ। ਅਥਲੈਟਿਕਸ 'ਚ ਹਾਰਤਿਕ ਕੁਮਾਰ ਨੇ ਪਹਿਲਾ ਅਤੇ ਪਰਵਿੰਦਰ ਸਿੰਘ ਨੇ 800 ਮੀਟਰ ਰੇਸ ਵਿੱਚ ਦੂਜਾ ਸਥਾਨ ਹਾਸਲ ਕੀਤਾ। 10000 ਮੀਟਰ ਵਿੱਚ ਸੰਦੀਪ ਸਿੰਘ ਨੇ ਪਹਿਲਾ ਸਥਾਨ ਪ੍ਰਾਪਤ ਕੀਤਾ।100 ਮੀਟਰ 21 ਤੋਂ 30 ਸਾਲ ਵਿੱਚ ਜਗਵਿੰਦਰ ਸਿੰਘ ਨੇ ਪਹਿਲਾ ਅਤੇ ਅਕਾਸ਼ ਨੇ ਦੂਜਾ ਸਥਾਨ ਪ੍ਰਾਪਤ ਕੀਤਾ। 1500 ਮੀਟਰ ਵਿੱਚ ਸੰਦੀਪ ਸਿੰਘ ਨੇ ਪਹਿਲਾ ਸਥਾਨ ਹਾਸਲ ਕੀਤਾ। 400 ਮੀਟਰ ਵਿੱਚ ਸੁਮੁਖ ਸਿੰਘ ਨੇ ਪਹਿਲਾ ਸਥਾਨ ਪ੍ਰਾਪਤ ਕੀਤਾ। ਸ਼ਾਟਪੁੱਟ31ਤੋਂ 40 ਸਾਲ ਮਹਲਾ ਸਰਬਜੀਤ ਕੌਰ ਨੇ ਪਹਿਲਾ ਅਤੇ ਗੁਰਮੀਤ ਕੌਰ ਨੇ ਦੂਜਾ ਸਥਾਨ ਹਾਸਲ ਕੀਤਾ। 41ਤੋਂ 55 ਸਾਲ ਮਰਦ ਸੁਖਦੇਵ ਸਿੰਘ ਨੇ ਪਹਿਲਾ ਅਤੇ ਅਮਨਦੀਪ ਸਿੰਘ ਨੇ ਦੂਜਾ ਸਥਾਨ ਹਾਸਲ ਕੀਤਾ। 55ਤੋਂ 60 ਸਾਲ ਪਰਮਜੀਤ ਸਿੰਘ ਰੰਗੀਆਂ ਨੇ ਪਹਿਲਾ ਅਤੇ ਗਿਰਧਾਰੀ ਲਾਲ ਨੇ ਦੂਜਾ ਸਥਾਨ ਪ੍ਰਾਪਤ ਕੀਤਾ। 55ਤੋਂ 60 ਔਰਤਾਂ ਦਵਿੰਦਰ ਕੌਰ ਪੀ ਟੀ ਆਈ ਬੀ ਪੀ ਓ ਦਫਤਰ ਨੇ ਪਹਿਲਾ ਸਥਾਨ ਹਾਸਲ ਕੀਤਾ। 31ਤੋਂ 40 ਸਾਲ ਮਰਦ ਹਰਮਨਜੀਤ ਸਿੰਘ ਨੇ ਪਹਿਲਾ ਅਤੇ ਡਾਕਟਰ ਹਰਜੋਲ ਨੇ ਦੂਜਾ ਸਥਾਨ ਹਾਸਲ ਕੀਤਾ। ਲੰਬੀ ਛਾਲ 21ਤੋਂ 30ਸਾਲ ਜਗਵਿੰਦਰ ਸਿੰਘ ਨੇ ਪਹਿਲਾ ਅਤੇ ਹਰਿੰਦਰ ਸਿੰਘ ਨੇ ਦੂਜਾ ਸਥਾਨ ਹਾਸਲ ਕੀਤਾ। ਲੰਬੀ ਛਾਲ 31ਤੋਂ 40ਸਾਲ ਰਵਿੰਦਰ ਸਿੰਘ ਨੇ ਪਹਿਲਾ ਅਤੇ ਡਾਕਟਰ ਹਰਜੋਲ ਨੇ ਦੂਜਾ ਸਥਾਨ ਹਾਸਲ ਕੀਤਾ ਹੈ। ਇਸ ਮੌਕੇ ਗਿਰਧਾਰੀ ਲਾਲ ਅਤੇ ਅਜੇ ਅਰੋੜਾ ਨੇ ਮੰਚ ਸੰਚਾਲਨ ਅਤੇ ਵਧੀਆ ਕੁਮੈਂਟਰੀ ਕੀਤੀ। ਇਸ ਮੌਕੇ ਜਸਬੀਰ ਸਿੰਘ ਸ਼ਾਂਤਪੁਰੀ, ਅਮਨਦੀਪ ਸਿੰਘ ਢੰਗਰਾਲੀ, ਪਰਮਜੀਤ ਸਿੰਘ ਰਤਨਗੜ੍ਹ, ਗੁਰਿੰਦਰਜੀਤ ਸਿੰਘ ਮਾਨ, ਪਰਮਜੀਤ ਸਿੰਘ ਰੰਗੀਆਂ, ਰਵਿੰਦਰ ਸਿੰਘ ਮੋਰਿੰਡਾ, ਸਰਬਜੀਤ ਕੌਰ ਬੂਰ ਮਾਜਰਾ, ਅੰਜੂ ਬਾਲਾ ਕਲਾਰਾਂ, ਸ਼ਮਿੰਦਰ ਸਿੰਘ, ਰਾਜਵੀਰ ਸਿੰਘ ਸਲੇਮਪੁਰ, ਮਹਿੰਦਰਪਾਲ ਸਿੰਘ, ਬਲਜਿੰਦਰ ਕੌਰ, ਸੰਜੀਵ ਕੁਮਾਰ, ਭੁਪਿੰਦਰ ਸਿੰਘ ਚਤਾਮਲਾ, ਕਰਮਜੀਤ ਸਿੰਘ ਲੱਕੀ, ਸੁਰਮੁਖ ਸਿੰਘ ਲੁਠੇੜੀ, ਜਗਪਾਲ ਸਿੰਘ, ਨਰਿੰਦਰ ਕੌਰ ਕੰਗ, ਰਮਨਦੀਪ ਕੌਰ ਕਾਈਨੌਰ, ਪਰਗਟ ਸਿੰਘ ਬਡਵਾਲੀ, ਗੁਰਸੰਟ ਸਿੰਘ, ਮਨਪ੍ਰੀਤ ਸਿੰਘ, ਹਰਭਜਨ ਸਿੰਘ ਪਪਰਾਲੀ, ਕਿਰਨਜੀਤ ਕੌਰ, ਗੁਰਮੀਤ ਕੌਰ ਸਹੇੜੀ, ਸੰਜੀਵ ਭਨੋਟ ਅਤੇ ਗੁਰਮੀਤ ਸਿੰਘ ਆਦਿ ਹਾਜ਼ਰ ਸਨ।

# ਗੌਰੀ ਲੰਕੇਸ਼ ਦੇ ਹਰਫਾਂ ਦੀ ਲੋਅ ਨਹੀਂ ਮਰੇਗੀ : ਦੇਸ਼ ਭਗਤ ਯਾਦਗਾਰ ਕਮੇਟੀ

**ਜਲੰਧਰ**-ਦੇਸ਼ ਭਗਤ ਯਾਦਗਾਰ ਕਮੇਟੀ ਦੇ ਪ੍ਰਧਾਨ ਅਜਮੇਰ ਸਿੰਘ, ਜਨਰਲ ਸਕੱਤਰ ਪ੍ਰਿਥੀਪਾਲ ਸਿੰਘ ਮਾੜੀਮੇਘਾ ਅਤੇ ਸਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ ਨੇ ਕਿਹਾ ਕਿ ਸਾਡੇ ਲੋਕਾ